# ਨਗਰ ਨਿਗਮ, ਬਠਿੰਡਾ।

## ਕਾਰਵਾਈ ਜਨਰਲ ਹਾਊਸ ਦੀ ਮੀਟਿੰਗ ਮਿਤੀ 12.07.2021 ਨੂੰ ਸਵੇਰੇ 11.00 ਵਜੇ

ਅੱਜ ਮਿਤੀ 12.07.2021 ਨੂੰ ਸਵੇਰੇ 11.00 ਵਜੇ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਜੀ ਦੀ ਪ੍ਰਧਾਨਗੀ ਹੇਠ ਜਨਰਲ ਹਾਊਸ ਦੀ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਹੋਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੋਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਬਲਜੀਤ ਕੋਰ | 3 | ਕੌਂਸਲਰ |
| 4 | ਸੁਖਦੇਵ ਸਿੰਘ | 4 | ਕੌਂਸਲਰ |
| 5 | ਸੋਨੀਆ | 5 | ਕੌਂਸਲਰ |
| 6 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 7 | ਵੀਰਪਾਲ ਕੋਰ | 9 | ਕੌਂਸਲਰ |
| 8 | ਬਲਜੀਤ ਸਿੰਘ ਸਰਾਂ | 10 | ਕੌਂਸਲਰ |
| 9 | ਅਸ਼ੇਸ਼ਰ ਪਾਸਵਾਨ | 12 | ਕੌਂਸਲਰ |
| 10 | ਗੁਰਦੇਵ ਕੋਰ | 13 | ਕੌਂਸਲਰ |
| 11 | ਵਿਵੇਕ ਗਰਗ | 14 | ਕੌਂਸਲਰ |
| 12 | ਮਨਜੀਤ ਕੋਰ | 15 | ਕੌਂਸਲਰ |
| 13 | ਬਲਰਾਜ ਸਿੰਘ | 16 | ਕੌਂਸਲਰ |
| 14 | ਵਿਕਰਮ ਕ੍ਰਾਂਤੀ | 18 | ਕੌਂਸਲਰ |
| 15 | ਮੱਖਣ ਸਿੰਘ | 20 | ਕੌਂਸਲਰ |
| 16 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 17 | ਸੁਰੇਸ਼ ਕੁਮਾਰ | 22 | ਕੌਂਸਲਰ |
| 18 | ਸ਼ਾਮ ਲਾਲ ਗਰਗ | 24 | ਕੌਂਸਲਰ |
| 19 | ਕਮਲਜੀਤ ਕੋਰ | 25 | ਕੌਂਸਲਰ |
| 20 | ਸੰਦੀਪ ਕੁਮਾਰ | 26 | ਕੌਂਸਲਰ |
| 21 | ਉਸ਼ਾ ਗੋਇਲ | 27 | ਕੌਂਸਲਰ |
| 22 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 23 | ਰੀਨਾ ਗੁਪਤਾ | 29 | ਕੌਂਸਲਰ |
| 24 | ਬਲਜਿੰਦਰ ਸਿੰਘ | 30 | ਕੌਂਸਲਰ |
| 25 | ਪ੍ਰਵੀਨ ਗਰਗ | 31 | ਕੌਂਸਲਰ |
| 26 | ਉਮੇਸ਼ ਗਰਗ | 32 | ਕੌਂਸਲਰ |
| 27 | ਨੇਹਾ | 33 | ਕੌਂਸਲਰ |
| 28 | ਜਸਵੀਰ ਸਿੰਘ | 34 | ਕੌਂਸਲਰ |
| 29 | ਹਰਵਿੰਦਰ ਸਿੰਘ | 36 | ਕੌਂਸਲਰ |
| 30 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 31 | ਮਮਤਾ ਸੈਣੀ | 38 | ਕੌਂਸਲਰ |
| 32 | ਪੁਸ਼ਪਾ ਰਾਣੀ | 39 | ਕੌਂਸਲਰ |
| 33 | ਆਤਮਾ ਸਿੰਘ | 40 | ਕੌਂਸਲਰ |
| 34 | ਕੁਲਵਿੰਦਰ ਕੋਰ | 41 | ਕੌਂਸਲਰ |
| 35 | ਸੁਖਰਾਜ ਸਿੰਘ ਔਲਖ | 42 | ਕੌਂਸਲਰ |
| 36 | ਇੰਦਰਜੀਤ ਸਿੰਘ | 44 | ਕੌਂਸਲਰ |
| 37 | ਰਾਜ ਰਾਣੀ | 45 | ਕੌਂਸਲਰ |
| 38 | ਰਤਨ ਰਾਹੀ | 46 | ਕੌਂਸਲਰ |
| 39 | ਮਮਤਾ | 47 | ਕੌਂਸਲਰ |
| 40 | ਜਗਰੂਪ ਸਿੰਘ ਗਿੱਲ | 48 | ਕੌਂਸਲਰ |
| 41 | ਕਮਲੇਸ਼ ਮਹਿਰਾ | 49 | ਕੌਂਸਲਰ |
| 42 | ਮਲਕੀਤ ਸਿੰਘ | 50 | ਕੌਂਸਲਰ |

ਮੀਟਿੰਗ ਵਿੱਚ ਸੱਭ ਤੋਂ ਪਹਿਲਾਂ ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਵੱਲੋਂ ਮਾਨਯੋਗ ਵਿੱਤ ਮੰਤਰੀ ਪੰਜਾਬ ਜੀ ਦਾ ਧੰਨਵਾਦ ਕੀਤਾ, ਜਿੰਨ੍ਹਾਂ ਸਦਕਾ ਵਕਫ ਬੋਰਡ ਵਾਲੀ 10 ਕਿਲ੍ਹੇ ਜਗ੍ਹਾ ਵਿੱਚ 220 ਹਾਰਸ ਪਾਵਰ ਦੀਆ ਮੋਟਰਾਂ ਲਗਾ ਕੇ ਪਾਵਰ ਹਾਊਸ ਰੋਡ ਤੋਂ ਬਰਸਾਤੀ ਪਾਣੀ ਦੀ ਜਲਦ ਤੋਂ ਜਲਦ ਨਿਕਾਸੀ ਸੰਭਵ ਹੋ ਸਕੀ।

ਉਹਨਾਂ ਇਸ ਸਬੰਧੀ ਮੇਅਰ, ਸੀਨੀਅਰ ਡਿਪਟੀ ਮੇਅਰ, ਡਿਪਟੀ ਮੇਅਰ, ਕਮਿਸ਼ਨਰ ਅਤੇ ਨਗਰ ਨਿਗਮ ਦੇ ਹੋਰ ਅਧਿਕਾਰੀਆਂ ਦਾ ਵੀ ਧੰਨਵਾਦ ਕੀਤਾ। ਉਹਨਾਂ ਬੇਨਤੀ ਕੀਤੀ ਕਿ ਧੋਬੀਆਣਾ ਰੋਡ ਤੇ 50 ਫੁੱਟ ਪਾਈਪ ਦਾ ਟੋਟਾ ਪਾ ਕੇ ਪਾਵਰ ਹਾਊਸ ਰੋਡ ਤੇ ਮੇਨ ਸੀਵਰ ਨਾਲ ਜੋੜਿਆ ਜਾਵੇ, ਜਿਸ ਨਾਲ ਇਸ ਜਗ੍ਹਾ ਵੀ ਜਲਦ ਤੋਂ ਜਲਦ ਬਰਸਾਤੀ ਪਾਣੀ ਦੀ ਨਿਕਾਸੀ ਸੰਭਵ ਹੋ ਸਕੇ ਅਤੇ ਲੋਕਾਂ ਨੂੰ ਕੋਈ ਤਕਲੀਫ ਨਾ ਆਵੇ।

*ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਹੋਈ।*

**ਏਜੰਡਾ ਨੰਬਰ 1 :**

ਮੀਟਿੰਗ ਮਿਤੀ 23.06.2021 ਦੀ ਕਾਰਵਾਈ ਦੀ ਪਕਿਆਈ।

| | |
|---|---|
| **ਮਤਾ ਨੰਬਰ 25:** | **ਮੀਟਿੰਗ ਮਿਤੀ 23.06.2021 ਦੀ ਕਾਰਵਾਈ ਦੀ ਪਕਿਆਈ ਕੀਤੀ ਜਾਂਦੀ ਹੈ।** |

ਏਜੰਡਾ ਨੰਬਰ 2 :

ਵਿਸ਼ੇ ਸਬੰਧੀ ਮੰਤਰੀ ਪ੍ਰੀਸ਼ਦ ਦੀ ਮਿਤੀ 18-06-2021 ਨੂੰ ਹੋਈ ਮੀਟਿੰਗ ਵਿਚ ਲਏ ਗਏ ਫੈਸਲੇ ਨੂੰ ਲਾਗੂ ਕਰਨ ਸਬੰਧੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ: ਸ1-ਜਬ-ਡਸਸ-2021/24511-24513 ਮਿਤੀ 23-06-2021 ਰਾਹੀਂ ਸਥਾਨਕ ਸਰਕਾਰ ਵਿਭਾਗ ਵਲੋਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਜੇਕਰ ਸਥਾਨਕ ਸੰਸਥਾ ਨੂੰ ਲੋੜ ਹੈ ਤਾਂ ਕੰਟਰੈਕਟ ਦੇ ਆਧਾਰ ਤੇ ਸਫਾਈ ਸੇਵਕ ਅਤੇ ਸੀਵਰਮੈਨ ਠੇਕੇ ਦੇ ਆਧਾਰ ਤੇ ਭਰਤੀ ਕਰ ਲਏ ਜਾਣ। ਇਸ ਅਨੁਸਾਰ ਹੇਠ ਅਨੁਸਾਰ ਕਾਰਵਾਈ ਕਰਨੀ ਬਣਦੀ ਹੈ:-

1. ਨਗਰ ਨਿਗਮ ਦੇ ਵਿੱਤੀ ਹਾਲਾਤਾਂ ਨੂੰ ਦੇਖਦੇ ਹੋਏ ਸ਼ਹਿਰੀ ਸਥਾਨਕ ਸੰਸਥਾ ਵਲੋਂ ਠੇਕੇ ਦੀ ਭਰਤੀ ਲਈ ਲੋੜ ਮੁਤਾਬਕ ਮਤਾ ਪ੍ਰਵਾਨ ਕੀਤਾ ਜਾਵੇ।
2. ਮਤਾ ਪ੍ਰਵਾਨ ਕਰਨ ਉਪੰਰਤ ਘੱਟੋ ਘੱਟ 2 ਅਖਬਾਰਾਂ ਵਿਚ 15 ਦਿਨ ਦਾ ਨੋਟਿਸ ਦਿੰਦੇ ਹੋਏ ਇਸ਼ਤਿਹਾਰ ਦਿੱਤਾ ਜਾਵੇ।
3. ਭਰਤੀ ਕਰਨ ਲਈ ਸਿਲੈਕਸ਼ਨ ਕਮੇਟੀ ਦਾ ਗਠਨ ਕੀਤਾ ਜਾਵੇ।
4. ਉਮੀਦਵਾਰ ਨਿਰਧਾਰਤ ਯੋਗਤਾ ਪੂਰੀ ਕਰਦਾ ਹੋਵੇ।
5. ਉਮੀਦਵਾਰ ਦੀ ਉਮਰ ਨਿਰਧਾਰਤ ਹੱਦ ਅੰਦਰ ਹੋਵੇ।
6. ਉਮੀਦਵਾਰ ਖਿਲਾਫ ਕੋਈ ਫੌਜਦਾਰੀ ਕੇਸ ਨਾ ਚਲਦਾ ਹੋਵੇ।
7. ਘੱਟੋ ਘੱਟ 3 ਸਾਲ ਦਾ ਤਜ਼ਰਬਾ ਰੱਖਣ ਵਾਲੇ ਉਮੀਦਵਾਰਾਂ ਨੂੰ ਤਰਜ਼ੀਹ ਦਿੱਤੀ ਜਾਵੇ ਅਤੇ ਤਜ਼ਰਬੇ ਦੇ ਅਰਸੇ ਨੂੰ weightage ਦਿੱਤੀ ਜਾਵੇ।
8. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।
9. ਇਸ ਤੋਂ ਇਲਾਵਾ ਪੰਜਾਬ ਸਰਕਾਰ ਦੇ ਹੋਰ ਸੇਵਾ ਸਬੰਧੀ ਸ਼ਰਤਾਂ ਤੇ ਨਿਯਮ ਵੀ ਲਾਗੂ ਹੋਣਗੇ।

ਨਗਰ ਨਿਗਮ ਬਠਿੰਡਾ ਵਿਖੇ ਸਫਾਈ ਸੇਵਕ ਅਤੇ ਸਫਾਈ ਨਾਲ ਸਬੰਧਤ ਵਰਕਰਾਂ ਦੀ ਮੌਜੂਦਾ ਸਥਿਤੀ ਅਤੇ ਪ੍ਰਵਾਨਤ ਆਸਾਮੀਆਂ ਹੇਠ ਲਿਖੇ ਅਨੁਸਾਰ ਹਨ:-

| ਲੜੀ ਨੰ: | ਆਸਾਮੀ ਦਾ ਨਾਮ/ ਕੰਮ ਦਾ ਵੇਰਵਾ | ਪ੍ਰਵਾਨਤ ਆਸਾਮੀਆਂ | ਭਰੀਆਂ ਆਸਾਮੀਆਂ | ਖਾਲੀ ਆਸਾਮੀਆਂ | ਵਿਸ਼ੇਸ਼ ਕਥਨ |
|---|---|---|---|---|---|
| 1 | ਰੈਗੂਲਰ ਸਫਾਈ ਸੇਵਕ | 747 | 555 | 192 | ਇਸ ਵਿਰੁੱਧ 32 ਤਰਸ ਦੇ ਆਧਾਰ ਤੇ ਕੇਸ ਪੈਡਿੰਗ ਹਨ |
| 2 | ਦਿਹਾੜੀਦਾਰ ਸਫਾਈ ਸੇਵਕ | 138 | 127 | 11 | ਇਹ ਆਸਾਮੀਆਂ ਸਾਲ 2011 ਵਿਚ ਮੁਹੱਲਾ ਸਫਾਈ ਕਮੇਟੀਆਂ ਵਿਚ ਕੰਮ ਕਰ ਰਹੇ ਵਰਕਰਾਂ ਨੂੰ ਬਤੌਰ ਦਿਹਾੜੀਦਾਰ ਰੱਖਣ ਕਰਕੇ ਹਨ। |

ਇਸ ਤਰ੍ਹਾਂ ਲੜੀ ਨੰਬਰ 1 ਅਤੇ 2 ਵਿਰੁੱਧ 203 ਆਸਾਮੀਆਂ ਖਾਲੀ ਹਨ, ਜਿੰਨ੍ਹਾਂ ਵਿੱਚੋਂ 32 ਆਸਾਮੀਆਂ ਤਰਸ ਦੇ ਆਧਾਰ ਤੇ ਭਰੀਆਂ ਜਾਣੀਆਂ ਹਨ। 171 ਆਸਾਮੀਆਂ ਉਪਲਬੱਧ ਹਨ। ਇਸ ਸਮੇਂ ਆਊਟਸੋਰਸ ਤੇ 493 ਸਫਾਈ ਵਰਕਰ ਕੰਮ ਕਰ ਰਹੇ ਹਨ। ਇਸ ਤਰ੍ਹਾਂ 493-171=322 ਦੀ ਹੋਰ ਰੈਗੂਲਰ ਆਸਾਮੀਆਂ ਦੀ ਰਚਨਾ ਕੀਤੀ ਜਾਣੀ ਹੈ, ਤਾਂ ਜੋ ਸਰਕਾਰ ਦੇ ਪੱਤਰ ਅਨੁਸਾਰ contractual appointments ਕੀਤੀਆਂ ਜਾ ਸਕਣ। ਜੇਕਰ ਸਰਕਾਰ ਦੇ ਪੱਤਰ ਅਨੁਸਾਰ contractual appointments ਕੀਤੀਆਂ ਜਾਣੀਆਂ ਹਨ ਤਾਂ 322 ਰੈਗੂਲਰ ਆਸਾਮੀਆਂ ਦੀ ਲੋੜ ਹੈ।

322 ਆਸਾਮੀਆਂ ਦੀ ਰਚਨਾ ਸਬੰਧੀ justification ਹੇਠ ਅਨੁਸਾਰ ਹੈ:-

1. ਨਗਰ ਨਿਗਮ ਬਠਿੰਡਾ ਵਿਖੇ ਸਾਲ 2011 ਵਿਚ ਮੁਹੱਲਾ ਸਫਾਈ ਕਮੇਟੀਆਂ ਦੇ ਵਰਕਰ ਦਿਹਾੜੀਦਾਰ ਕੀਤੇ ਗਏ ਸਨ। ਇਸ ਉਪਰੰਤ ਕਿਸੇ ਆਸਾਮੀ ਦੀ ਕੋਈ ਰਚਨਾ ਨਹੀਂ ਹੋਈ।
2. ਨਗਰ ਨਿਗਮ ਬਠਿੰਡਾ ਦੇ 50 ਵਾਰਡ ਹਨ ਅਤੇ ਤਕਰੀਬਨ 3 ਲੱਖ ਤੋਂ ਵੱਧ ਆਬਾਦੀ ਹੈ।ਨਗਰ ਨਿਗਮ ਬਠਿੰਡਾ ਵਲੋਂ ਮਿਤੀ 01-07-2021 ਨੂੰ ਮਾਡਲ ਟਾਊਨ ਫੇਜ਼-3 ਟੇਕ ਓਵਰ ਕਰ ਲਿਆ ਗਿਆ ਹੈ ਜਿਸਦਾ ਰਕਬਾ ਲਗਭਗ 200 ਏਕੜ ਹੈ। ਇਸ ਤੋਂ ਇਲਾਵਾ ਹੋਰ ਕਈ ਪ੍ਰਾਈਵੇਟ ਕਲੋਨੀਆਂ ਵੀ ਨਗਰ ਨਿਗਮ ਵਲੋਂ ਟੇਕ ਓਵਰ ਕੀਤੀਆਂ ਗਈਆਂ ਹਨ।

3. ਸ਼ਹਿਰ ਵਿਖੇ ਨਾਈਟ ਸਵੀਪਿੰਗ, ਸਵੱਛ ਭਾਰਤ, ਸੋਲਿਡ ਵੇਸਟ ਅਤੇ ਹੋਰ ਸਫਾਈ ਦੇ ਕੰਮ ਵੱਧ ਗਏ ਹਨ।

ਇਸ ਲਈ ਸਰਕਾਰ ਦੇ ਪੱਤਰ ਅਨੁਸਾਰ contractual basis ਤੇ ਸਫਾਈ ਸੇਵਕਾਂ ਦੀ ਭਰਤੀ ਕਰਨ ਅਤੇ 322 ਹੋਰ ਆਸਾਮੀਆਂ ਦੀ ਰਚਨਾ ਕਰਨ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 26:** | **ਪ੍ਰਵਾਨ ਹੈ।** |

ਏਜੰਡਾ ਨੰਬਰ 3 :

ਦਫਤਰੀ ਰਿਪੋਰਟ ਕਿ ਮੰਤਰੀ ਪ੍ਰੀਸ਼ਦ ਦੀ ਮਿਤੀ 18-06-2021 ਨੂੰ ਹੋਈ ਮੀਟਿੰਗ ਵਿੱਚ ਲਏ ਗਏ ਫੈਸਲੇ ਨੂੰ ਲਾਗੂ ਕਰਨ ਸਬੰਧੀ, ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਦੇ ਪੱਤਰ ਨੰ: ਸ1-ਜਬ-ਡਸਸ-2021/24511-24513 ਮਿਤੀ 23-06-2021 ਦੇ ਸਬੰਧ ਵਿਚ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਮੰਡਲ ਨੰ: 1 ਦੀ ਰਿਪੋਰਟ ਹੇਠ ਲਿਖੇ ਅਨੁਸਾਰ ਹੈ:-

1. ਨਵੇਂ ਸੀਵਰਮੈਨਾਂ ਦੀ ਭਰਤੀ ਸਬੰਧੀ:- ਸਲਾਨਾ ਦੇਖਭਾਲ ਵਾਟਰ ਸਪਲਾਈ ਅਤੇ ਸੀਵਰੇਜ਼ ਸਕੀਮ ਬਠਿੰਡਾ ਦਾ ਕੰਮ ਪੰਜਾਬ ਵ/ਸ ਸੀਵਰੇਜ਼ ਵਿਭਾਗ ਵਲੋਂ ਨਗਰ ਨਿਗਮ, ਬਠਿੰਡਾ ਦੇ ਬਿਹਾਫ ਤੇ ਮੇਨਟੇਨ ਕੀਤਾ ਜਾ ਰਿਹਾ ਹੈ। ਇਹ ਸਕੀਮ ਮਿਤੀ 01-08-2015 ਤੋਂ ਮੈਸ: ਤ੍ਰਿਵੇਣੀ ਇੰਜੀਨੀਅਰਿੰਗ ਐਂਡ ਇੰਡਸਟਰੀਜ਼ ਲਿਮ: ਨੋਇਡਾ ਵਲੋਂ 10 ਸਾਲ ਦੇ ਕੰਟਰੈਕਟ ਸਮੇਂ ਤੇ ਮੇਨਟੇਨ ਕੀਤੀ ਜਾ ਰਹੀ ਹੈ। ਇਸ ਸਕੀਮ ਤੇ ਇਸ ਸਮੇਂ 84 ਨੰਬਰ ਰੈਗੂਲਰ ਸੀਵਰਮੈਨ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ ਨੌਕਰੀ ਦੌਰਾਨ ਮੌਤ ਹੋ ਚੁੱਕੇ ਰੈਗੂਲਰ ਸੀਵਰਮੈਨਾਂ ਦੇ ਵਾਰਸਾਂ ਨੂੰ ਤਰਸ ਦੇ ਆਧਾਰ ਤੇ ਨੌਕਰੀ ਦੇਣ ਦੇ 5 ਕੇਸ ਕਾਰਵਾਈ ਅਧੀਨ ਹਨ। ਇਸ ਸਕੀਮ ਦੇ ਪਿਛਲੇ ਸਮੇਂ ਦੇ ਤਖਮੀਨਿਆਂ ਵਿਚ ਪੁਰਾਣੇ ਨਾਰਮਜ਼ ਅਨੁਸਾਰ ਮੈਨੂਅਲ ਅਧਾਰਿਤ ਸਰਕੂਲਰਾਂ ਦੇ ਅਧਾਰ ਤੇ ਸੀਵਰਮੈਨਾਂ ਦੀ ਵਿਵਸਥਾ ਰੱਖੀ ਜਾਂਦੀ ਸੀ ਪਰੰਤੂ ਹੁਣ ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਦੇ ਹੁਕਮਾਂ ਅਨੁਸਾਰ ਕਿਸੇ ਵੀ ਸੀਵਰਮੈਨ ਨੂੰ ਡੂਘੇ ਸੀਵਰ ਵਿਚ ਉਤਾਰਣ ਤੇ ਪੂਰਨ ਤੌਰ ਤੇ ਬੈਨ ਹੋਣ ਕਾਰਨ ਅਤੇ ਮਕੈਨੀਕਲ ਸਿਸਟਮ ਨਾਲ ਸੀਵਰਾਂ ਦੀ ਸਫਾਈ ਦੀ ਵਿਵਸਥਾ ਹੋਣ ਕਾਰਣ ਨਵੇਂ ਨਾਰਮਜ਼ ਮੁਤਾਬਿਕ ਸੀਵਰਮੈਨਾਂ ਦੀ ਵਿਵਸਥਾ ਘੱਟ ਗਈ ਹੈ।

2. ਕੱਚੇ ਸੀਵਰਮੈਨਾਂ ਨੂੰ ਪੱਕੇ ਕਰਨ ਬਾਰੇ:- ਸਲਾਨਾ ਦੇਖਭਾਲ ਵਾਟਰ ਸਪਲਾਈ ਅਤੇ ਸੀਵਰੇਜ਼ ਸਕੀਮ ਬਠਿੰਡਾ ਦਾ ਕੰਮ ਮਿਤੀ 01-08-2015 ਤੋਂ ਮੈਸ: ਤ੍ਰਿਵੇਣੀ ਇੰਜੀਨੀਅਰਿੰਗ ਐਂਡ ਇੰਡਸਟਰੀਜ਼ ਲਿਮ: ਨੋਇਡਾ ਵਲੋਂ 10 ਸਾਲ ਦੇ ਕੰਟਰੈਕਟ ਸਮੇਂ ਤੇ ਮੇਨਟੇਨ ਕੀਤਾ ਜਾ ਰਿਹਾ ਹੈ। ਇਸ ਕੰਮ ਦੇ ਕੰਟਰੈਕਟ ਐਗਰੀਮੈਂਟ ਅਨੁਸਾਰ ਇਸ ਫਰਮ ਨੂੰ ਓ.ਐਂਡ ਐਮ ਵਾਟਰ ਸਪਲਾਈ ਅਤੇ ਸੀਰਵੇਜ਼ ਸਰਵਿਸਜ਼ ਮੇਨਟੇਨ ਕਰਨ ਲਈ ਐਗਰੀਮੈਂਟ ਅਨੁਸਾਰ ਮਹੀਨਾਵਾਰ ਬਣਦੀ ਅਦਾਇਗੀ ਕੀਤੀ ਜਾਂਦੀ ਹੈ। ਇਸ ਫਰਮ ਵਲੋਂ ਸਕੀਮ ਨੂੰ ਮੇਨਟੇਨ ਕਰਨ ਲਈ ਜੋ ਸੀਵਰਮੈਨ ਕੰਮ ਤੇ ਲਗਾਏ ਗਏ ਹਨ ਉਨਾਂ ਦੀ ਅਦਾਇਗੀ ਫਰਮ ਵਲੋਂ ਆਪਣੇ ਪੱਧਰ ਤੇ ਕੀਤੀ ਜਾਂਦੀ ਹੈ। ਤ੍ਰਿਵੇਣੀ ਕੰਪਨੀ ਵਲੋਂ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਅਤੇ ਐਸ.ਟੀ.ਪੀ. ਦੀ ਦੇਖਭਾਲ ਦੇ ਕੰਮ ਲਈ 76 ਨੰਬਰ ਸੀਵਰਮੈਨ ਲਗਾਏ ਹੋਏ ਹਨ।

ਉਕਤ ਅਨੁਸਾਰ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 27:** | **ਪਾਸ ਕੀਤਾ ਜਾਂਦਾ ਹੈ ਕਿ ਜੇਕਰ ਤ੍ਰਿਵੇਣੀ ਕੰਪਨੀ ਤੋਂ ਮੈਨਟੀਨੈਂਸ ਦਾ ਕੰਮ ਵਾਪਸ ਲਿਆ ਜਾਂਦਾ ਹੈ ਤਾਂ 76 ਨੰਬਰ ਸੀਵਰਮੈਨ ਨਗਰ ਨਿਗਮ ਪਾਸ** contractual basis **ਤੇ ਰੱਖਣ ਸਬੰਧੀ ਕੋਈ ਇਤਰਾਜ਼ ਨਹੀਂ ਹੈ।** |

ਏਜੰਡਾ ਨੰਬਰ 4 :

ਦਫਤਰੀ ਰਿਪੋਰਟ ਕਿ ਨਗਰ ਨਿਗਮ ਬਠਿੰਡਾ ਦੀ ਮਿਊਂਸਪਲ ਵਰਕਰ ਯੂਨੀਅਨ ਲਗਾਤਾਰ ਮੰਗ ਕਰ ਰਹੀ ਹੈ ਕਿ ਸਾਰੇ ਆਊਟ ਸੋਰਸ ਤੇ ਕੰਮ ਕਰ ਰਹੇ ਕਰਮਚਾਰੀਆਂ ਨੂੰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੇ ਪੱਤਰ ਨੰ: ਸ1-ਜਬ-ਡਸਸ-2021/24511-24513 ਮਿਤੀ 23-06-2021 ਅਧੀਨ ਵਿਚਾਰਿਆ ਜਾਵੇ। ਇਸ ਬਾਰੇ ਜੱਥੇਬੰਦੀ ਦੀ ਮਾਨਯੋਗ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਨਗਰ ਨਿਗਮ ਨਾਲ ਮੀਟਿੰਗ ਵੀ ਹੋਈ ਹੈ।

ਆਊਟ ਸੋਰਸ ਤੇ ਕੰਮ ਕਰ ਰਹੇ ਕਰਮਚਾਰੀਆਂ ਦੀ ਡੀਟੇਲ ਹੇਠ ਲਿਖੇ ਅਨੁਸਾਰ ਹੈ:-

| | | |
|---|---|---|
| 1. | ਦਰਜ਼ਾ ਤਿੰਨ ਵਰਕਰ | 55 |
| 2. | ਦਰਜ਼ਾ ਚਾਰ ਵਰਕਰ | 156 |

ਮੌਜੂਦਾ ਰੈਗੂਲਰ ਸਟਾਫ ਸਬੰਧੀ ਡੀਟੇਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਆਸਾਮੀ ਦਾ ਨਾਂ | ਪ੍ਰਵਾਨਤ ਆਸਾਮੀਆਂ | ਭਰੀਆਂ ਆਸਾਮੀਆਂ | ਖਾਲੀ ਆਸਾਮੀਆਂ |
|---|---|---|---|---|
| 1 | ਕਲਰਕ/ਜੂਨੀਅਰ ਸਹਾਇਕ | 76 | 22 | 54 |
| 2 | ਡਰਾਈਵਰ ਰੈਗੂਲਰ | 29 | 9 | 20 |
| 3 | ਫਾਇਰਮੈਨ ਰੈਗੂਲਰ | 20 | 1 | 19 |
| 4 | ਸੇਵਾਦਾਰ | 53 | 33 | 20 |
| 5 | ਮਾਲੀ | 69 | 32 | 37 |
| 6 | ਬੇਲਦਾਰ | 49 | 25 | 24 |

ਉਕਤ ਅਨੁਸਾਰ ਲੋੜੀਂਦਾ ਫੈਸਲਾ ਲੈਣ ਖਾਤਰ ਹਾਊਸ ਪਾਸ ਭੇਜਣ ਹਿੱਤ ਰਿਪੋਰਟ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 28:** | **ਪਾਸ ਕੀਤਾ ਜਾਂਦਾ ਹੈ ਕਿ ਨਗਰ ਨਿਗਮ ਵਿਖੇ ਦਰਜ਼ਾ-3 ਅਤੇ ਦਰਜ਼ਾ-4 ਦੀਆਂ ਖਾਲੀ ਆਸਾਮੀਆਂ ਵਿਰੁੱਧ** contractual basis **ਤੇ ਕਰਮਚਾਰੀ ਨਿਯੁਕਤ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।** |

<u>ਏਜੰਡਾ ਨੰ: 5:</u>

ਰਿਪੋਰਟ ਬਾਗਬਾਨੀ ਸ਼ਾਖਾ ਕਿ ਰੋਜ਼ ਗਾਰਡਨ/ ਜੋਗਰ ਪਾਰਕ ਦੇ ਠੇਕੇ ਸਬੰਧੀ ਨਿਗਮ ਵੱਲੋਂ ਮਿਤੀ 06.11.2018 ਤੋਂ 05.11.2021 ਤੱਕ 3 ਸਾਲ ਲਈ ਪਾਰਕਿੰਗ ਦਾ ਠੇਕਾ ਸ਼੍ਰੀ ਮਹਿੰਦਰਪਾਲ ਬਾਂਸਲ ਪੁੱਤਰ ਸ਼੍ਰੀ ਸਤਪਾਲ ਬਠਿੰਡਾ ਨੂੰ ਦਿੱਤਾ ਹੋਇਆ ਹੈ। ਮਿਤੀ 21.03.2020 ਤੋਂ ਕੋਵਿਡ-19 ਕਾਰਨ ਲਾਕ ਡਾਊਨ/ ਕਰਫਿਊ ਲਾਗੂ ਹੋਣ ਤੇ ਠੇਕੇਦਾਰ ਵੱਲੋਂ ਪਾਰਕਿੰਗ ਦਾ ਕੰਮ ਬੰਦ ਕਰ ਦਿੱਤਾ ਗਿਆ ਸੀ ਅਤੇ ਪਬਲਿਕ ਵੀ ਇਸ ਥਾਂ ਤੇ ਨਹੀਂ ਜਾ ਰਹੀ ਸੀ। ਠੇਕੇਦਾਰ ਵੱਲੋਂ ਲਾਕ ਡਾਊਨ/ ਕਰਫਿਊ ਸਮੇਂ ਦੌਰਾਨ ਕਿਸ਼ਤਾਂ ਦੀ ਮਾਫੀ ਦੀ ਮੰਗ ਕੀਤੀ ਗਈ ਸੀ, ਜਿਸਤੇ ਦਫਤਰ ਵੱਲੋਂ ਕਾਰਵਾਈ ਕਰਦੇ ਹੋਏ ਦਫਤਰ ਦੇ ਪੱਤਰ ਨੰਬਰ 1892 ਮਿਤੀ 31.07.2020 ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਨੂੰ ਠੇਕੇਦਾਰ ਦੀ ਮੰਗ ਅਨੁਸਾਰ ਠੇਕਾ ਕੈਂਸਲ ਕਰਨ ਲਈ ਅਤੇ 1,58,750/- ਰੁਪਏ ਦੀ ਸਕਿਊਰਟੀ ਵਾਪਸ ਕਰਨ ਤੇ ਫੈਸਲਾ ਲੈਣ ਤੇ ਯੋਗ ਰਹਿਬਰੀ ਦੇਣ ਲਈ ਪੱਤਰ ਲਿਖਿਆ ਗਿਆ ਸੀ। ਪਰ ਇਸ ਸਬੰਧੀ ਮੁੱਖ ਦਫਤਰ ਵੱਲੋਂ ਕੋਈ ਜਵਾਬ ਜਾਂ ਰਹਿਬਰੀ ਪ੍ਰਾਪਤ ਨਹੀਂ ਹੋਈ। ਠੇਕੇਦਾਰ ਵੱਲੋਂ ਦੁਬਾਰਾ ਮਿਤੀ 12.02.2021 ਨੂੰ ਦਰਖਾਸਤ ਦੇ ਕੇ ਬੇਨਤੀ ਕੀਤੀ ਗਈ ਸੀ ਕਿ ਉਸਦਾ ਠੇਕਾ ਅੱਗੇ ਤੋ ਚਾਲੂ ਕਰ ਦਿੱਤਾ ਜਾਵੇ ਕਿਉਂਕਿ ਹੁਣ ਕੋਵਿਡ-19 ਦਾ ਖਤਰਾ ਘੱਟ ਗਿਆ ਹੈ ਅਤੇ ਪਬਲਿਕ ਵੱਲੋਂ ਵੀ ਦੁਬਾਰਾ ਆਉਣਾ ਜਾਣਾ ਸ਼ੁਰੂ ਹੋ ਗਿਆ ਹੈ। ਇਸ ਸਬੰਧੀ ਦਫਤਰੀ ਪੱਤਰ ਨੰ: 77/ਐਡ ਮਿਤੀ 03.03.2021 ਰਾਹੀਂ ਉਕਤ ਪਾਰਕਿੰਗ ਦਾ ਠੇਕਾ ਮਿਤੀ 15.02.2021 ਤੋਂ continue ਕਰ ਦਿੱਤਾ ਗਿਆ ਸੀ। ਪਰ ਹੁਣ ਕੋਵਿਡ-19 ਦੇ ਵੱਧਦੇ ਕੇਸਾਂ ਕਾਰਨ ਮਾਨਯੋਗ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਦੇ ਜੁਬਾਨੀ ਹੁਕਮਾਂ ਮੁਤਾਬਿਕ ਜੋਗਰ ਪਾਰਕ ਖੁੱਲਣ ਦਾ ਸਮਾਂ ਸਵੇਰੇ 9.00 ਵਜੇ ਤੋਂ ਰਾਤੀ 9.00 ਵਜੇ ਤੱਕ ਦੀ ਜਗ੍ਹਾ ਮਿਤੀ 01.03.2021 ਤੋਂ 31.10.2021 ਤੱਕ ਸਵੇਰੇ 5.00 ਵਜੇ ਤੋਂ ਸਵੇਰੇ 10.00 ਵਜੇ ਤੱਕ ਅਤੇ ਸ਼ਾਮ ਨੂੰ 4.00 ਵਜੇ ਤੋਂ ਸ਼ਾਮ 8.00 ਵਜੇ ਤੱਕ ਅਤੇ ਮਿਤੀ 01.11.2021 ਤੋਂ 28.02.2022 ਤੱਕ ਸਵੇਰੇ 6.00 ਵਜੇ ਤੋਂ ਸਵੇਰੇ 10.00 ਵਜੇ ਤੱਕ ਅਤੇ ਸ਼ਾਮ 4.00 ਤੋਂ ਸ਼ਾਮ 7.00 ਵਜੇ ਤੱਕ ਕਰ ਦਿੱਤਾ ਗਿਆ ਹੈ। ਪਰ ਹੁਣ ਸਰਕਾਰ ਦੀਆਂ ਨਵੀਆਂ ਹਦਾਇਤਾਂ ਅਨੁਸਾਰ ਸ਼ੁਕਰਵਾਰ ਸ਼ਾਮ 5.00 ਵਜੇ ਤੋਂ ਸੋਮਵਾਰ ਸਵੇਰੇ 5.00 ਵਜੇ ਤੱਕ ਪੂਰਨ ਲਾਕ ਡਾਊਨ ਰਹੇਗਾ। ਸੋ ਠੇਕੇਦਾਰ ਵੱਲੋਂ ਮਿਤੀ 27.04.2021 ਨੂੰ ਪੱਤਰ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਸਵੇਰੇ 5.00 ਵਜੇ ਤੋਂ ਸਵੇਰੇ 10.00 ਵਜੇ ਤੱਕ ਸੈਰ ਦਾ ਸਮਾਂ ਹੋਣ ਕਾਰਨ ਕਿਸੇ ਤੋਂ ਕੋਈ ਪਾਰਕਿੰਗ ਫੀਸ ਨਹੀਂ ਵਸੂਲ ਕੀਤੀ ਜਾਂਦੀ ਅਤੇ ਸ਼ਾਮ ਨੂੰ 4.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸਿਰਫ ਇੱਕ ਘੰਟਾ ਹੀ ਜੋਗਰ ਪਾਰਕ ਖੁੱਲੇਗਾ। ਸੋ, ਇੰਨ੍ਹਾਂ ਹਾਲਾਤਾਂ ਨੂੰ ਮੁੱਖ ਰੱਖਦੇ ਹੋਏ ਠੇਕੇਦਾਰ ਦੀ ਮੰਗ ਅਨੁਸਾਰ 15.04.2021 ਤੋਂ ਉਸਦੀ ਬਣਦੀ ਕਿਸ਼ਤ ਪੂਰੀ ਮਾਫ ਕੀਤੀ ਜਾਵੇ ਜੀ। ਇਸ ਸਬੰਧੀ ਰਿਪੋਰਟ ਕੀਤੀ ਗਈ ਹੈ ਕਿ ਮਿਤੀ 16.04.2021 ਤੋਂ 31.05.2021 ਤੱਕ ਬਣਦੀ ਪਾਰਕਿੰਗ ਫੀਸ 99045/- ਰੁਪਏ ਹੈ ਜੋ ਕਿ ਮਾਫ ਕੀਤੀ ਜਾਣੀ ਹੈ।

ਇਸ ਸਬੰਧੀ ਰੈਂਟ ਸੁਪਰਡੈਂਟ ਨੇ ਰਿਪੋਰਟ ਕੀਤੀ ਗਈ ਹੈ ਕਿ ਮਿਤੀ 16.04.2021 ਤੋਂ 31.05.2021 ਤੱਕ ਬਣਦੀ ਪਾਰਕਿੰਗ ਫੀਸ 99045/- ਰੁਪਏ ਕੋਵਿਡ ਕਾਰਨ ਜੋਗਰ ਪਾਰਕ/ ਰੋਜ਼ ਗਾਰਡਨ ਬੰਦ ਹੋਣ ਕਾਰਨ ਪਾਰਕਿੰਗ ਸਾਈਟਸ ਬੰਦ ਰਹੀਆਂ ਸਨ। ਇਹ ਰਿਪੋਰਟ ਮਿਤੀ 18.05.2021 ਨੂੰ ਕੀਤੀ ਗਈ ਸੀ। ਪਰੰਤੂ ਇਸ ਤੋਂ ਬਾਦ ਵੀ ਕੋਵਿਡ-19 ਕਾਰਨ ਜੋਗਰ ਪਾਰਕ/ ਰੋਜ਼ ਗਾਰਡਨ ਮਿਤੀ 14.06.2021 ਤੱਕ ਬੰਦ ਰਹੇ ਹਨ। ਸੋ ਠੇਕੇਦਾਰ ਨੂੰ ਪਾਰਕਿੰਗ ਸਾਈਟਸ ਦੇ ਮਿਤੀ 16.04.2021 ਤੋਂ 14.06.2021 ਤੱਕ ਬਣਦੀ ਪਾਰਕਿੰਗ ਫੀਸ 128060/- ਰੁਪਏ ਮਾਫ ਕੀਤੀ ਜਾਣੀ ਬਣਦੀ ਹੈ ਜੀ

ਇਸਤੇ ਨਿਗਮ ਇੰਜੀਨੀਅਰ ਨੇ ਰਿਪੋਰਟ ਕੀਤੀ ਹੈ ਕਿ ਰੈਂਟ ਸੁਪਰਡੈਂਟ ਦੀ ਰਿਪੋਰਟ ਨਾਲ ਸਹਿਮਤ ਹਾਂ। ਮਿਤੀ 16.04.2021 ਤੋਂ 14.06.2021 ਤੱਕ ਬਣਦੀ ਪਾਰਕਿੰਗ ਫੀਸ 128060/- ਰੁਪਏ ਮਾਫ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 29:** | **ਪ੍ਰਵਾਨ ਹੈ।** |

ਸ਼੍ਰੀਮਤੀ ਅਨੀਤਾ ਗੋਇਲ, ਕੌਸਲਰ ਵਾਰਡ ਨੰਬਰ 43 ਵੱਲੋਂ ਭੇਜੀ ਦਰਖਾਸਤ ਕਿ ਰੋਜ਼ ਗਾਰਡਨ ਅਤੇ ਜੋਗਰ ਪਾਰਕ ਵਿਖੇ ਬਣੀਆਂ ਕੰਨਟੀਨਾਂ ਵੀ ਕੋਵਿਡ ਕਾਰਨ ਬੰਦ ਰਹੀਆਂ ਹਨ। ਇਸ ਲਈ ਉਹਨਾਂ ਨੂੰ ਬਣਦੀ ਮਾਫੀ

ਦਿੱਤੀ ਜਾਵੇ। ਇਸਤੇ ਵਿਚਾਰ ਕਰਦੇ ਹੋਏ ਫੈਸਲਾ ਕੀਤਾ ਗਿਆ ਕਿ ਦਫਤਰੀ ਰਿਪੋਰਟ ਮਿਲਣ ਉਪਰੰਤ ਇਸ ਸਬੰਧੀ ਰਿਪੋਰਟ ਤਿਆਰ ਕਰਕੇ ਹਾਊਸ ਦੀ ਅਗਲੀ ਮੀਟਿੰਗ ਵਿੱਚ ਭੇਜੀ ਜਾਵੇ ਤਾਂ ਜੋ ਉਸਤੇ ਵਿਚਾਰ ਕੀਤਾ ਜਾ ਸਕੇ।

ਸ਼੍ਰੀ ਜਗਰੂਪ ਸਿੰਘ ਗਿੱਲ, ਕੌਂਸਲਰ ਵਾਰਡ ਨੰਬਰ 48 ਅਤੇ ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 2 ਹਾਊਸ ਤੋਂ ਬਾਹਰ ਚਲੇ ਗਏ।

ਏਜੰਡਾ ਨੰ: 6:

ਦਫਤਰੀ ਰਿਪੋਰਟ ਕਿ ਸ਼੍ਰੀ ਬਨਵਾਰੀ ਲਾਲ ਪੁੱਤਰ ਸ਼੍ਰੀ ਘਨਈਆ ਲਾਲ, ਸੀਵਰਮੈਨ ਸਲਾਨਾ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਕੰਮ ਕਰਦਾ ਸੀ। ਜਿਸ ਦੀ ਮੋਤ ਮਿਤੀ 05.09.2020 ਨੂੰ ਨੋਕਰੀ ਦੋਰਾਨ ਹੋ ਗਈ ਸੀ। ਮ੍ਰਿਤਕ ਕਰਮਚਾਰੀ ਦੇ ਪੁੱਤਰ ਮਨੀਸ਼ ਕੁਮਾਰ ਪੁੱਤਰ ਸ਼੍ਰੀ ਬਨਵਾਰੀ ਲਾਲ ਵੱਲੋਂ ਆਪਣੇ ਪਿਤਾ ਦੀ ਜਗ੍ਹਾ ਤੇ ਤਰਸ ਦੇ ਆਧਾਰ ਤੇ ਲੱਗਣ ਲਈ ਸੀਵਰੇਜ਼ ਬੋਰਡ ਵਿਖੇ ਬਿਨੈ ਪੱਤਰ ਦਿੱਤਾ ਹੈ। ਬਿਨੈਕਾਰ ਅਠਵੀਂ ਪਾਸ ਹੈ। ਦਿੱਤੇ ਗਏ ਦਸਤਾਵੇਜ਼ ਅਨੁਸਾਰ ਉਸਦੀ ਜਨਮ ਮਿਤੀ 04.06.1988 ਹੈ। ਮ੍ਰਿਤਕ ਕਰਮਚਾਰੀ ਸੀਵਰੇਜ਼ ਬੋਰਡ ਦਾ ਕਰਮਚਾਰੀ ਸੀ। ਉਸਨੂੰ ਸੀਵਰੇਜ਼ ਬੋਰਡ ਵੱਲੋਂ ਭਰਤੀ ਕੀਤਾ ਗਿਆ ਸੀ। ਮ੍ਰਿਤਕ ਦੇ ਵਾਰਸ ਨੂੰ ਨੋਕਰੀ ਸੀਵਰੇਜ਼ ਬੋਰਡ ਵੱਲੋਂ ਦਿੱਤੀ ਜਾਣੀ ਹੈ। ਜਿਸਦੀ ਤਨਖਾਹ ਦਾ ਸਾਰਾ ਖਰਚਾ ਸੀਵਰੇਜ਼ ਸਕੀਮ ਨੂੰ ਪੈਣਾ ਹੈ। ਇਸ ਦੀ ਅਦਾਇਗੀ ਨਗਰ ਨਿਗਮ ਵੱਲੋਂ ਕੀਤੀ ਜਾਣੀ ਹੈ। ਕਾਰਜਕਾਰੀ ਇੰਜੀਨੀਅਰ, ਪੰਜਾਬ ਵ/ਸ ਅਤੇ ਸੀਵਰੇਜ਼ ਮੰਡਲ ਨੰ: 1 ਬਠਿੰਡਾ ਨੇ ਆਪਣੇ ਪੱਤਰ ਨੰ: 674 ਮਿਤੀ 10.02.2021 ਜੋ ਕਿ ਮਿਤੀ 18.06.2021 ਨੂੰ ਪ੍ਰਾਪਤ ਹੋਇਆ ਹੈ। ਇਸ ਪੱਤਰ ਰਾਹੀਂ ਮ੍ਰਿਤਕ ਸ਼੍ਰੀ ਬਨਵਾਰੀ ਲਾਲ ਪੁੱਤਰ ਸ਼੍ਰੀ ਘਨਈਆ ਲਾਲ ਦੇ ਵਾਰਸ ਨੂੰ ਸਲਾਨਾ ਦੇਖਭਾਲ ਸੀਵਰੇਜ਼ ਸਕੀਮ ਬਠਿੰਡਾ ਦੇ ਵਿਰੁੱਧ ਮ੍ਰਿਤਕ ਦੀ ਖਾਲੀ ਹੋਈ ਪੋਸਟ ਤੇ ਬਤੋਰ ਸੀਵਰਮੈਨ ਤਰਸ ਦੇ ਆਧਾਰ ਤੇ ਰੱਖਣ ਲਈ ਸਹਿਮਤੀ ਦੇਣ ਦੀ ਮੰਗ ਕੀਤੀ ਹੈ, ਤਾਂ ਜੋ ਕੇਸ ਮੁੱਖ ਦਫਤਰ ਪੰਜਾਬ ਵ/ਸ ਅਤੇ ਸੀਵਰੇਜ਼ ਬੋਰਡ, ਚੰਡੀਗੜ੍ਹ ਜੀ ਨੂੰ ਪ੍ਰਵਾਨਗੀ ਹਿੱਤ ਭੇਜਿਆ ਜਾ ਸਕੇ। ਸੋ ਮ੍ਰਿਤਕ ਦੇ ਵਾਰਸ ਨੂੰ ਨੋਕਰੀ ਤੇ ਰੱਖਣ ਲਈ ਸਹਿਮਤੀ ਦੇਣ ਖਾਤਰ ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 30:** | **ਪ੍ਰਵਾਨ ਹੈ।** |

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਕਿਹਾ ਕਿ ਨਗਰ ਨਿਗਮ ਵੱਲੋਂ ਮੁਲਾਜ਼ਮਾਂ ਸਬੰਧੀ ਕੇਸ ਬਿਨਾਂ ਵਿਚਾਰੇ ਪਾਸ ਕੀਤੇ ਜਾ ਰਹੇ ਹਨ। ਇਸ ਸਬੰਧੀ ਕਿਸੇ ਵੀ ਦਸਤਾਵੇਜ਼ਾਂ ਦੀ ਪੜਤਾਲ ਨਹੀਂ ਕੀਤੀ ਜਾਂਦੀ। ਇਸ ਲਈ ਯੋਗ ਹੋਵੇਗਾ ਕਿ ਮੁਲਾਜ਼ਮਾਂ ਸਬੰਧੀ ਸਬ-ਕਮੇਟੀ ਬਣਾ ਕੇ ਪਹਿਲਾਂ ਕੇਸ ਸਬ-ਕਮੇਟੀ ਪਾਸ ਪੇਸ਼ ਕੀਤੇ ਜਾਣ। ਸਬ-ਕਮੇਟੀ ਵੱਲੋਂ ਘੋਖਣ ਉਪਰੰਤ ਹੀ ਕੇਸ ਹਾਊਸ ਵਿੱਚ ਵਿਚਾਰੇ ਜਾਣ। ਇਸਤੇ ਡਿਪਟੀ ਮੇਅਰ ਨੇ ਕਿਹਾ ਕਿ ਅਗਲੀ ਹਾਊਸ ਦੀ ਮੀਟਿੰਗ ਤੋਂ ਪਹਿਲਾਂ ਕਮੇਟੀ ਬਣਾ ਦਿੱਤੀ ਜਾਵੇਗੀ।

ਏਜੰਡਾ ਨੰ: 7:

ਰਿਪੋਰਟ ਬਿਲਡਿੰਗ ਸ਼ਾਖਾ ਕਿ ਪੰਜਾਬ ਸਰਕਾਰ ਦੇ ਨੋਟੀਫਿਕੇਸ਼ਨ ਨੰਬਰ 54-U-II-83/17136 ਮਿਤੀ 09.09.1983 ਰਾਹੀਂ ਮੰਨਜ਼ੂਰਸ਼ੁਦਾ ਹੈ। ਇਸ ਸਕੀਮ ਦਾ ਕੁੱਲ ਰਕਬਾ 438525 sqm. ਹੈ। ਇਸ ਟੀ.ਪੀ. ਸਕੀਮ ਦੀ ਉੱਤਰੀ ਦਿਸ਼ਾ ਵਿੱਚ ਅਜੀਤ ਰੋਡ, ਪੂਰਬੀ ਦਿਸ਼ਾ ਵਿੱਚ 100 ਫੁੱਟੀ ਰੋਡ, ਦੱਖਣੀ ਦਿਸ਼ਾ ਵਿੱਚ ਪਾਵਰ ਹਾਊਸ ਰੋਡ ਅਤੇ ਪੱਛਮ ਦਿਸ਼ਾ ਵਿੱਚ ਜੀ.ਟੀ. ਰੋਡ ਹੈ। ਇਸ ਸਕੀਮ ਵਿੱਚ ਮੌਜੂਦ ਪਾਰਕ ਅਤੇ ਗਲੀਆਂ ਸਕੀਮ ਮੁਤਾਬਿਕ ਨਹੀਂ ਜਾਪਦੀਆਂ ਹਨ। ਇਸ ਲਈ ਇਸ ਸਕੀਮ ਦਾ ਦੁਬਾਰਾ ਸਰਵੈ ਕਰਵਾ ਕੇ ਟੀ.ਪੀ. ਸਕੀਮ ਉਪਰ ਸੁਪਰਇੰਪੋਜ਼ ਕਰਨ ਉਪਰੰਤ ਗਲੀਆਂ ਅਤੇ ਪਾਰਕਾਂ ਦੀ ਸਹੀ ਪੋਜੀਸ਼ਨ ਦਾ ਪਤਾ ਲੱਗ ਸਕਦਾ ਹੈ। ਕੇਸ ਹਾਊਸ ਦੇ ਵਿਚਾਰ ਹਿੱਤ।

| | |
|---|---|
| **ਮਤਾ ਨੰਬਰ 31:** | **ਪ੍ਰਵਾਨ ਹੈ।** |

## ਇਸ ਉਪਰੰਤ ਹੇਠ ਲਿਖੇ ਅਨੁਸਾਰ ਸਪਲੀਮੈਂਟਰੀ ਏਜੰਡੇ ਤੇ ਵਿਚਾਰ ਕੀਤਾ ਗਿਆ:

**ਏਜੰਡਾ ਨੰਬਰ 1 :**

ਰਿਪੋਰਟ ਲੇਖਾ ਸ਼ਾਖਾ ਕਿ ਸ਼੍ਰੀ ਜਗਜੀਤ ਸਿੰਘ ਨਗਰ ਨਿਗਮ ਬਠਿੰਡਾ ਵਿੱਖੇ ਬਤੌਰ ਮਾਲੀ ਕੰਮ ਕਰਦਾ ਸੀ। ਜਿਸ ਦੀ ਮਿਤੀ 14.05.2021 ਨੂੰ ਮੌਤ ਹੋ ਗਈ ਸੀ। ਉਨ੍ਹਾਂ ਦੇ ਤਿੰਨ ਪੁੱਤਰਾਂ ਵੱਲੋਂ ਦਰਖਾਸਤ ਦਿੱਤੀ ਗਈ ਹੈ ਕਿ ਉਨ੍ਹਾਂ ਦੀ ਆਪਸੀ ਸਹਿਮਤੀਨਾਲ ਉਹ ਤਰਸ ਦੇ ਅਧਾਰ ਤੇ ਮਾਲੀ ਦੀ ਨੌਕਰੀ ਸ੍ਰੀ ਅਮਰਜੀਤ ਸਿੰਘ ਨੂੰ ਦਿਵਾਉਣੀ ਚਾਹੁੰਦੇ ਹਨ।ਇਨ੍ਹਾਂ ਵੱਲੋਂ ਵਾਰਸ ਸਰਟੀਫਿਕੇਟ ਪੇਸ਼ ਕੀਤਾ ਗਿਆ ਹੈ ਜਿਸ ਵਿੱਚ ਸ੍ਰੀ ਸੁਖਦੇਵ ਸਿੰਘ, ਅਮਰਜੀਤ ਸਿੰਘ, ਇੰਦਰਜੀਤ ਸਿੰਘ, ਪੁੱਤਰ ਸ੍ਰੀ ਜਗਜੀਤ ਸਿੰਘ ਇਹ ਤਿੰਨ ਹੀ ਕਾਨੂੰਨੀ ਵਾਰਸ ਹਨ ਅਤੇ ਉਨ੍ਹਾਂ ਦੀ ਮਾਤਾ ਸ੍ਰੀਮਤੀ ਵੀਰਪਾਲ ਕੌਰ ਦੀ ਪਹਿਲਾਂ ਹੀ ਮਿਤੀ: 04.11.2015 ਨੂੰ ਮੌਤ ਹੋ ਚੁੱਕੀ ਹੈ। ਸ੍ਰੀ ਅਮਰਜੀਤ ਸਿੰਘ ਵੱਲੋਂ ਅਠਵੀਂ ਦਾ ਸਰਟੀਫਿਕੇਟ ਪੇਸ਼ ਕੀਤਾ ਗਿਆ ਹੈ ਜਿਸ ਅਨੁਸਾਰ ਉਸ ਦੀ ਜਨਮ ਮਿਤੀ: 23.03.1989 ਹੈ।

ਪੰਜਾਬ ਮਿਊਂਸਪਲ ਦਰਜਾ ਚਾਰ ਕਰਮਚਾਰੀ ਰੂਲਜ਼ 1986 ਅਨੂਸਾਰ ਮਾਲੀ ਦੀ ਅਸਾਮੀ ਲਈ ਤਰਸ ਦੇ ਅਧਾਰ ਤੇ ਵਿਦਿਅੱਕ ਯੋਗਤਾ ਮਿਡਲ ਪੰਜਾਬੀ ਸਮੇਤ ਪਾਸ ਹੈ। ਤਰਸ ਤੇ ਅਧਾਰ ਤੇ ਨਿਯੁਕਤੀਆਂ ਸੰਬੰਧੀ ਪੱਤਰ ਨੰਬਰ 11/94/2002/-4 ਪੀ.ਪੀ. -11/650 ਮਿਤੀ 12.01.2004 ਅਤੇ ਪੱਤਰ ਨੰਬਰ 11/94/2002 ਪੀ.ਪੀ. 11-8403 ਮਿਤੀ 02.04.2004 ਅਨੁਸਾਰ ਇਹ ਕੇਸ ਤਰਸ ਦੇ ਅਧਾਰ ਤੇ ਨਿਯੁਕਤੀ ਲਈ ਵਿਚਾਰਿਆ ਜਾਣਾ ਹੈ। ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰਬਰ 2/65/2003-ਸਸ/9653 ਮਿਤੀ 12/14.06.2004 ਅਨੁਸਾਰ ਨਗਰ ਨਿਗਮਾਂ ਵਿੱਖੇ ਗੈਰਪ੍ਰਾਤੀ ਕਰਨ ਅਸਾਮੀਆਂ ਲਈ ਨਿਯੁਕਤੀ ਦਾ ਅਧਿਕਾਰ ਸਬੰਧਤ ਨਿਗਮ ਪਾਸ ਹੈ। ਇਸ ਲਈ ਸ੍ਰੀ

ਜਗਜੀਤ ਸਿੰਘ ਦੀ ਮੌਤ ਕਾਰਨ ਖਾਲੀ ਹੋਈ ਅਸਾਮੀ ਤੇ ਤਰਸ ਦੇ ਅਧਾਰ ਤੇ ਨਿਯੁਕਤ ਕਰਨ ਤੋਂ ਪਹਿਲਾਂ ਕੇਸ ਸਰਕਾਰ ਦੇ ਜਾਰੀ ਪੱਤਰ ਨੰਬਰ 31/2011/5ਐਫ.ਈ.-1/301 ਮਿਤੀ 21.02.2011 ਅਨੁਸਾਰ ਕੇਸ ਤਰਸ ਦੇ ਅਧਾਰ ਤੇ ਨੌਕਰੀ ਦੇਣ ਲਈ ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

| | |
|---|---|
| **ਮਤਾ ਨੰਬਰ 32:** | **ਪ੍ਰਵਾਨ ਹੈ।** |

ਇਸ ਉਪਰੰਤ ਹੇਠ ਲਿਖੇ ਅਨੁਸਾਰ ਕੌਂਸਲਰ ਸਾਹਿਬਾਨ ਨੇ ਆਪਣੇ ਮੁੱਦੇ/ਸਮੱਸਿਆਵਾਂ ਸਬੰਧੀ ਦੱਸਿਆ।

ਸ਼੍ਰੀਮਤੀ ਰੀਨਾ ਗੁਪਤਾ, ਕੌਂਸਲਰ ਵਾਰਡ ਨੰਬਰ 29 ਨੇ ਮੰਗ ਕੀਤੀ ਕਿ ਪਾਰਕ ਨੰਬਰ 100 ਦਾ ਨਾਮ ਸ਼ਹੀਦੇ ਆਜ਼ਮ ਸ੍ਰ: ਬੇਅੰਤ ਸਿੰਘ ਪਾਰਕ ਰੱਖਿਆ ਜਾਵੇ। ਇਸਦੀ ਤਾਇਦ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਨੇ ਕੀਤੀ।

ਸ਼੍ਰੀ ਜਸਵੀਰ ਸਿੰਘ, ਕੌਂਸਲਰ ਵਾਰਡ ਨੰਬਰ 34 ਨੇ ਕਿਹਾ ਕਿ ਸਰਕਾਰ ਵੱਲੋਂ ਜੋ ਵਾਟਰ ਸਪਲਾਈ ਅਤੇ ਸੀਵਰੇਜ਼ ਦੇ ਬਿਲਾਂ ਦੇ ਰੇਟ ਵਧਾਏ ਗਏ ਹਨ, ਜੇਕਰ ਹਾਊਸ ਉਹਨਾਂ ਨੂੰ ਘਟਾ ਸਕਦਾ ਹੈ ਤਾਂ ਘਟਾ ਲੈਣਾ ਚਾਹੀਦਾ ਹੈ। ਇਸਤੇ ਡਿਪਟੀ ਮੇਅਰ ਨੇ ਕਿਹਾ ਕਿ ਇਸ ਸਬੰਧੀ ਪੱਤਰ ਲਿਖਿਆ ਜਾਵੇਗਾ।

ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਵਾਰਡ ਨੰਬਰ 21 ਨੇ ਸੰਗੂਆਣਾ ਬਸਤੀ ਵਿੱਚ ਸੀਵਰ ਪਾਏ ਜਾਣ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਬਰਸਾਤਾਂ ਦਾ ਮੌਸਮ ਸ਼ੁਰੂ ਹੋਣ ਵਾਲਾ ਹੈ। ਉਹਨਾਂ ਦੇ ਇਲਾਕੇ ਵਿੱਚ ਬਰਸਾਤਾਂ ਦੌਰਾਨ ਪਾਣੀ ਭਰ ਜਾਣ ਕਾਰਨ ਲੋਕਾਂ ਦਾ ਬਹੁਤ ਜਿਆਦਾ ਨੁਕਸਾਨ ਹੁੰਦਾ ਹੈ। ਉਹਨਾਂ ਸੰਗੂਆਣਾ ਬਸਤੀ ਡਿਸਪੋਜ਼ਲ ਤੇ ਜੈਨਰੇਟਰ ਲਗਾਉਣ ਦੀ ਮੰਗ ਕੀਤੀ ਤਾਂ ਜੋ ਬਰਸਾਤਾਂ ਦੌਰਾਨ ਬਿਜਲੀ ਜਾਣ ਦੀ ਸੂਰਤ ਵਿੱਚ ਜੈਨਰੇਟਰ ਚਲਾ ਕੇ ਜਲਦ ਤੋਂ ਜਲਦ ਪਾਣੀ ਦੀ ਨਿਕਾਸੀ ਕੀਤੀ ਜਾ ਸਕੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਬਰਸਾਤਾਂ ਦੌਰਾਨ ਜੈਨਰੇਟਰ ਕਿਰਾਏ ਤੇ ਲਗਾ ਕੇ ਇਨਸਟਾਲ ਕਰ ਦਿੱਤਾ ਜਾਵੇਗਾ। ਸ਼੍ਰੀਮਤੀ ਸੰਤੋਸ਼ ਕੁਮਾਰੀ ਮਹੰਤ, ਕੌਂਸਲਰ ਵਾਰਡ ਨੰਬਰ 21 ਨੇ ਬੇਨਤੀ ਕੀਤੀ ਕਿ ਜੋ ਸਫਾਈ ਸੇਵਕ ਨਗਰ ਨਿਗਮ ਵੱਲੋਂ ਸਸਪੈਂਡ ਕੀਤੇ ਗਏ ਹਨ, ਉਹ ਬਹਾਲ ਕੀਤੇ ਜਾਣ। ਇਸਤੋਂ ਇਲਾਵਾ ਉਹਨਾਂ ਕਿਹਾ ਕਿ ਠੇਕੇ ਤੇ ਰੱਖੇ ਸਫਾਈ ਸੇਵਕਾਂ ਨੂੰ ਦਿੱਤੇ ਜਾਣ ਵਾਲੇ 6200/- ਰੁਪਏ ਮਹੀਨਾ ਬਹੁਤ ਘੱਟ ਹਨ। ਉਹਨਾਂ ਮੰਗ ਕੀਤੀ ਕਿ ਵੱਧ ਰਹੀ ਮਹਿੰਗਾਈ ਨੂੰ ਦੇਖਦੇ ਹੋਏ ਇਹਨਾਂ ਦੀ ਤਨਖਾਹ ਵੀ ਵਧਾਈ ਜਾਵੇ।

ਸ਼੍ਰੀਮਤੀ ਮਨਜੀਤ ਕੋਰ, ਕੌਂਸਲਰ ਵਾਰਡ ਨੰਬਰ 15 ਨੇ ਕਿਹਾ ਕਿ ਉਹ ਕੌਂਸਲਰ ਬਣਨ ਤੋਂ ਪਹਿਲਾਂ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਸਨ। ਉਹਨਾਂ ਨੂੰ ਸਥਾਨਕ ਸਰਕਾਰ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਪਤਾ ਨਾ ਹੋਣ ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸਤੋਂ ਇਲਾਵਾ ਜੇਕਰ ਉਹਨਾਂ ਨੂੰ ਕਿਸੇ ਕਮੇਟੀ ਦਾ ਮੈਂਬਰ ਬਣਾਇਆ ਜਾਂਦਾ ਹੈ ਤਾਂ ਪਹਿਲਾਂ ਉਸ ਕਮੇਟੀ ਵੱਲੋਂ ਕੀਤੇ ਜਾਣ ਵਾਲੇ ਕੰਮ ਬਾਰੇ ਜਾਣਕਾਰੀ ਦਿੱਤੀ ਜਾਵੇ। ਉਹਨਾਂ ਮੰਗ ਕੀਤੀ ਕਿ ਇਸ ਸਬੰਧੀ ਨਵੇਂ ਬਣੇ ਕੌਂਸਲਰਜ਼ ਨੂੰ ਨਗਰ ਨਿਗਮ ਵੱਲੋਂ ਟ੍ਰੇਨਿੰਗ ਦਿੱਤੀ ਜਾਵੇ। ਉਹਨਾਂ ਇਹ ਵੀ ਦਸਿਆ ਕਿ ਕੌਂਸਲਰਜ਼ ਦੀ ਤਨਖਾਹ ਮਹੀਨੇ ਦੇ ਸ਼ੁਰੂ ਵਿੱਚ ਹੀ ਦੇ ਦਿੱਤੀ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਸਕੱਤਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਟ੍ਰੇਨਿੰਗ ਸ਼ਡਿਊਲ ਬਣਾ ਕੇ ਸ਼ੇਅਰ ਕੀਤਾ ਜਾਵੇ ਅਤੇ ਲੇਖਾ ਸ਼ਾਖਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਕੌਂਸਲਰ ਨੂੰ ਹਰ ਮਹੀਨੇ ਦੀ 7 ਤਾਰੀਖ ਤੋਂ ਪਹਿਲਾਂ-ਪਹਿਲਾਂ ਬਣਦਾ ਮਾਨਭੇਟਾ ਦਿੱਤਾ ਜਾਵੇ। ਸ਼੍ਰੀਮਤੀ ਮਨਜੀਤ ਕੋਰ, ਕੌਂਸਲਰ ਵਾਰਡ ਨੰਬਰ 15 ਨੇ ਕਿਹਾ ਕਿ ਡਬਵਾਲੀ ਰੋਡ ਤੇ ਰੋਡ ਜਾਲੀਆਂ ਸਾਫ ਨਾ ਹੋਣ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਚੈਕਿੰਗ ਕਰਕੇ ਜੇਕਰ ਤ੍ਰਿਵੇਣੀ ਕੰਪਨੀ ਵੱਲੋਂ ਰੋਡ ਜਾਲੀਆਂ ਸਾਫ ਕਰਨ ਦਾ ਕੰਮ ਨਹੀਂ ਕੀਤਾ ਗਿਆ ਤਾਂ ਉਹਨਾਂ ਦੇ ਰਿਸਕ ਐਂਡ ਕਾਸਟ ਤੇ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਵੱਲੋਂ ਕੰਮ ਕਰਵਾਇਆ ਜਾਵੇ।

ਸ਼੍ਰੀਮਤੀ ਮਮਤਾ, ਕੌਂਸਲਰ ਵਾਰਡ ਨੰਬਰ 47 ਨੇ ਦਸਿਆ ਕਿ ਜਨਤਾ ਨਗਰ ਰੇਲਵੇ ਪੁੱਲ ਦੇ ਥੱਲੇ ਬਰਸਾਤਾਂ ਦੌਰਾਨ ਪਾਣੀ ਭਰ ਜਾਣ ਕਾਰਨ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਪਾਣੀ ਦੀ ਨਿਕਾਸੀ ਲਈ ਜੈਨਰੇਟਰ ਰੱਖਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਥਾਂ ਤੋਂ ਪਾਣੀ ਦੀ ਜਲਦ ਤੋਂ ਜਲਦ ਨਿਕਾਸੀ ਲਈ ਮੋਟਰਾਂ ਲਗਾਈਆਂ ਹੋਈਆਂ ਹਨ। ਭੱਵਿਖ ਵਿੱਚ ਜਲਦ ਤੋਂ ਜਲਦ ਪਾਣੀ ਦੀ ਨਿਕਾਸੀ ਸਬੰਧੀ ਕਾਰਵਾਈ ਕੀਤੀ ਜਾਵੇਗੀ।ਸ਼੍ਰੀਮਤੀ ਮਮਤਾ, ਕੌਂਸਲਰ ਵਾਰਡ ਨੰਬਰ 47 ਨੇ ਕਿਹਾ ਕਿ ਕੁੱਝ ਮੁਲਾਜ਼ਮਾਂ ਦੀ ਤਨਖਾਹ 3 ਮਹੀਨੇ ਤੋਂ ਪੈਡਿੰਗ ਹੈ ਤਾਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਅਜਿਹਾ ਕੋਈ ਕੇਸ ਨਹੀਂ ਹੈ। ਜੇਕਰ ਕਿਸੇ ਮੁਲਾਜ਼ਮ ਦੀ ਤਨਖਾਹ ਪੈਡਿੰਗ ਹੈ ਤਾਂ ਉਹ ਕਮਿਸ਼ਨਰ, ਨਗਰ ਨਿਗਮ ਬਠਿੰਡਾ ਦੇ ਨੋਟਿਸ ਵਿੱਚ ਲਿਆਂਦਾ ਜਾਵੇ।

ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਵਾਰਡ ਨੰਬਰ 39 ਨੇ ਮੰਗ ਕੀਤੀ ਕਿ ਸੁਰਖਪੀਰ ਰੋਡ ਤੇ ਬਣੀ ਦਰਗਾਹ ਤੇ ਨਗਰ ਨਿਗਮ ਵੱਲੋਂ ਮੇਨ ਗੇਟ ਲਗਵਾਇਆ ਜਾਵੇ। ਇਸਦੀ ਤਾਇਦ ਸ਼੍ਰੀ ਸੁਖਰਾਜ ਸਿੰਘ, ਕੌਂਸਲਰ ਵਾਰਡ ਨੰਬਰ 42 ਨੇ ਵੀ ਕੀਤੀ।ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਵਾਰਡ ਨੰਬਰ 39 ਨੇ ਦਸਿਆ ਕਿ ਉਹਨਾਂ ਦੇ ਵਾਰਡ ਦੀ ਗਲੀ ਨੰਬਰ 1-ਡੀ,2-ਡੀ,3-ਡੀ,5-ਡੀ ਅਤੇ ਐਸ.ਏ.ਐਸ. ਨਗਰ ਵਿੱਚ ਪੀਣ ਵਾਲੇ ਪਾਣੀ ਦੀ ਬਹੁਤ ਜਿਆਦਾ ਸਮੱਸਿਆ ਆ ਰਹੀ ਹੈ। ਉਹਨਾਂ ਕਿਹਾ ਕਿ ਲਾਇਨੋ ਪਾਰ ਇਲਾਕੇ ਵਿੱਚ ਆਬਾਦੀ ਬਹੁਤ ਜਿਆਦਾ ਵੱਧ ਚੁੱਕੀ ਹੈ। ਉਹਨਾਂ ਇਸ ਇਲਾਕੇ ਖਾਤਰ ਇੱਕ ਹੋਰ ਪਾਣੀ ਦੀ ਟੈਂਕੀ ਬਨਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਪੁੱਛਿਆ ਕਿ ਨਗਰ ਨਿਗਮ ਵਿਖੇ ਡਾਟਾ ਐਂਟਰੀ ਆਪਰੇਟਾਂ ਦੀ ਭਰਤੀ ਕਿਸ ਆਧਾਰ ਤੇ ਕੀਤੀ ਜਾਂਦੀ ਹੈ ਤਾਂ ਕਮਿਸ਼ਨਰ, ਨਗਰ

ਨਿਗਮ ਬਠਿੰਡਾ ਨੇ ਕਿਹਾ ਕਿ ਭਰਤੀ ਹੈਡ ਆਫਿਸ ਲੇਵਲ ਤੇ ਹੁੰਦੀ ਹੈ। ਇਸਤੋਂ ਇਲਾਵਾ ਕਿਸੇ ਵੀ ਆਸਾਮੀ ਤੇ ਨਿਯੁਕਤੀ ਖਾਤਰ ਹਾਊਸ ਤੋਂ ਮਤਾ ਪਾਸ ਹੁੰਦਾ ਹੈ। ਮਤਾ ਪਾਸ ਹੋਣ ਉਪਰੰਤ ਹੀ ਭਰਤੀ ਕੀਤੀ ਜਾਂਦੀ ਹੈ।ਸ਼੍ਰੀਮਤੀ ਪੁਸ਼ਪਾ ਰਾਣੀ, ਕੌਂਸਲਰ ਵਾਰਡ ਨੰਬਰ 39 ਨੇ ਪੁੱਛਿਆ ਕਿ ਮਿਉਂਸਪਲ ਕਲੋਨੀ ਵਿਖੇ ਇੱਕ ਬੇਲਦਾਰ ਨੂੰ ਐਸ.ਡੀ.ਓ. ਰੈਂਕ ਦੀ ਕੋਠੀ ਕਿਉਂ ਅਲਾਟ ਕੀਤੀ ਹੋਈ ਹੈ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਕੋਠੀ ਨੂੰ ਖਾਲੀ ਕਰਨ ਸਬੰਧੀ ਨੋਟਿਸ ਦੇ ਦਿੱਤਾ ਹੈ। ਜੇਕਰ ਕੋਠੀ ਖਾਲੀ ਨਹੀਂ ਕੀਤੀ ਜਾਂਦੀ ਤਾਂ ਸਬੰਧਤ ਬੇਲਦਾਰ ਪਾਸੋਂ ਪੈਨਲ ਰੈਂਟ ਲਿਆ ਜਾਵੇਗਾ।

ਸ਼੍ਰੀਮਤੀ ਕੁਲਵਿੰਦਰ ਕੌਰ, ਕੌਂਸਲਰ ਵਾਰਡ ਨੰਬਰ 41 ਨੇ ਦਸਿਆ ਕਿ ਨਹਿਰ ਦੇ ਨਾਲ ਰਿੰਗ ਰੋਡ ਤੇ ਟ੍ਰੈਕਟਰ ਟਰਾਲੀਆਂ ਵਾਲਿਆਂ ਵੱਲੋਂ ਮਲਬਾ ਸੁੱਟਿਆ ਜਾਂਦਾ ਹੈ। ਇਸ ਨਾਲ ਜਿੱਥੇ ਬਠਿੰਡਾ ਸ਼ਹਿਰ ਦਾ ਅਕਸ ਖਰਾਬ ਹੋ ਰਿਹਾ ਹੈ, ਉੱਥੇ ਹਰ ਵੇਲੇ ਐਕਸੀਡੈਂਟ ਹੋਣ ਦਾ ਵੀ ਖਤਰਾ ਬਣਿਆ ਰਹਿੰਦਾ ਹੈ। ਉਹਨਾਂ ਜਲਦ ਤੋਂ ਜਲਦ ਇਸ ਜਗ੍ਹਾ ਬੋਰਡ ਲਗਾਉਣ ਅਤੇ ਕਿਸੇ ਕਰਮਚਾਰੀ ਦੀ ਡਿਊਟੀ ਲਗਾਉਣ ਦੀ ਮੰਗ ਕੀਤੀ ਤਾਂ ਜੋ ਮਲਬਾ ਨਾ ਸੁੱਟਿਆ ਜਾਵੇ। ਉਹਨਾਂ ਮੰਗ ਕੀਤੀ ਕਿ ਪ੍ਰਤਾਪ ਨਗਰ ਦੀਆਂ ਰਹਿੰਦੀਆਂ ਗਲੀਆਂ ਵਿੱਚ ਸੀਵਰ ਪਾਇਆ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਬੇਸਹਾਰਾ ਪਸ਼ੂਆਂ ਦੀ ਗਿਣਤੀ ਜਿਆਦਾ ਹੋਣ ਕਾਰਨ ਆਏ ਦਿਨ ਲੋਕ ਇਹਨਾਂ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਜਲਦ ਤੋਂ ਜਲਦ ਇਸ ਸਮੱਸਿਆ ਦੀ ਨਿਜਾਤ ਦਿਵਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਮਲਬਾ ਸੁੱਟਣ ਵਾਲਿਆਂ ਦੇ ਖਿਲਾਫ ਕਾਨੂੰਨੀ ਕਾਰਵਾਈ ਕਰਨ ਲਈ ਪੁਲਿਸ ਨੂੰ ਲਿਖਿਆ ਜਾਵੇਗਾ ਅਤੇ ਕਰਮਚਾਰੀਆਂ ਦੀ ਡਿਊਟੀ ਵੀ ਲਗਾਈ ਜਾਵੇਗੀ। ਉਹਨਾਂ ਦਸਿਆ ਕਿ ਨਗਰ ਨਿਗਮ ਵੱਲੋਂ ਮਲਬਾ ਸੁੱਟਣ ਖਾਤਰ ਹੇਠ ਲਿਖੇ ਅਨੁਸਾਰ ਤਿੰਨ ਸਾਈਟਾਂ ਦੀ ਪਛਾਣ ਕੀਤੀ ਗਈ ਹੈ:

1. ਪੁੱਡਾ ਫੇਸ-3 ਪਾਸ
2. ਮਾਨਸਾ ਰੋਡ ਤੇ ਗਰੋਥ ਸੈਂਟਰ ਵਿਖੇ
3. ਰੋਜ਼ ਗਾਰਡਨ ਦੇ ਨੇੜੇ (ਨਗਰ ਨਿਗਮ ਸਟੋਰ)

ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਰੋਜ਼ ਗਾਰਡਨ ਨੇੜੇ ਨਗਰ ਨਿਗਮ ਵੱਲੋਂ ਕਰੱਸ਼ਰ/ ਗਰਾਇੰਡਰ ਲਗਾਇਆ ਗਿਆ ਹੈ, ਜਿਸ ਵਿੱਚ ਮਲਬਾ ਕਰੱਸ਼ ਕਰਕੇ ਇੰਟਰਲਾਕਿੰਗ ਟਾਇਲਾਂ ਬਣਾਈਆਂ ਜਾ ਰਹੀਆਂ ਹਨ। ਉਹਨਾਂ ਇਹ ਵੀ ਦਸਿਆ ਕਿ ਨਗਰ ਨਿਗਮ ਵੱਲੋਂ ਹਰ ਸਾਲ ਤਕਰੀਬਨ 1500-2000 ਬੇਸਹਾਰਾ ਪਸ਼ੂ ਵੱਖ-ਵੱਖ ਗਊਸ਼ਾਲਾਵਾਂ ਵਿੱਚ ਭੇਜੇ ਜਾਂਦੇ ਹਨ। ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਵੱਖ-ਵੱਖ ਗਊਸ਼ਾਲਾਵਾਂ ਵਿੱਚ ਛੱਡਣ ਲਈ ਨਗਰ ਨਿਗਮ ਵੱਲੋਂ ਡਰਾਈਵ ਚਲਾਈ ਜਾਂਦੀ ਹੈ। ਵਾਰਡ ਨੰਬਰ 41 ਵਿੱਚੋਂ ਜਲਦ ਤੋਂ ਜਲਦ ਬੇਸਹਾਰਾ ਪਸ਼ੂਆਂ ਨੂੰ ਫੜ੍ਹ ਕੇ ਗਊਸ਼ਾਲਾ ਵਿੱਚ ਛੱਡਣ ਲਈ ਜਲਦ ਤੋਂ ਜਲਦ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸ਼੍ਰੀ ਹਰਵਿੰਦਰ ਸਿੰਘ, ਕੌਂਸਲਰ ਵਾਰਡ ਨੰਬਰ 36 ਨੇ ਆਪਣੇ ਵਾਰਡ ਦੇ ਕੰਮਾਂ ਬਾਰੇ ਦਸਦੇ ਹੋਏ ਕਿਹਾ ਕਿ ਸੰਤਪੁਰਾ ਰੋਡ ਤੇ ਬਣੇ ਓਵਰਬਰਿਜ਼ ਤੇ ਖੱਡੇ ਹੋਣ ਕਾਰਨ ਐਕਸੀਡੈਂਟ ਹੁੰਦੇ ਰਹਿੰਦੇ ਹਨ। ਉਹਨਾਂ ਜਲਦ ਤੋਂ ਜਲਦ ਖੱਡੇ ਭਰਨ ਦੀ ਮੰਗ ਕੀਤੀ। ਪਰਸ ਰਾਮ ਨਗਰ ਵਿਖੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣ ਰਹੇ ਡਿਸਪੋਜ਼ਲ ਦਾ ਕੰਮ ਜਲਦ ਤੋਂ ਜਲਦ ਮੁਕੰਮਲ ਕਰਵਾਇਆ ਜਾਵੇ। ਗੁਰੂਕੁੱਲ ਰੋਡ ਤੇ ਜੋਗੀ ਨਗਰ, ਗੋਪਾਲ ਨਗਰ ਅਤੇ ਹੋਰ ਨਾਲ ਲਗਦੀਆਂ ਕਲੋਨੀਆਂ ਦੇ ਬੋਰਡ ਲਗਾਏ ਜਾਣ। ਜਨਤਾ ਨਗਰ ਵਿਖੇ ਖਰਾਬ ਹੋ ਚੁੱਕੀ ਓਪਨ ਏਅਰ ਜਿੰਮ ਨੂੰ ਠੀਕ ਕਰਵਾਇਆ ਜਾਵੇ। ਉਹਨਾਂ ਦੇ ਵਾਰਡ ਦੀ ਗਲੀ ਨੰਬਰ 9 ਅਤੇ 10 ਵਿੱਚੋਂ ਪਾਣੀ ਦੀ ਨਿਕਾਸੀ ਲਈ ਜੈਨਰੇਟਰ ਲਗਵਾਇਆ ਜਾਵੇ। ਗਲੀ ਨੰਬਰ 9 ਅਤੇ 10 ਵਿੱਚ ਬਾਕੀ ਜੋ ਚਾਰ ਮੇਨਹੋਲ ਰਹਿ ਗਏ ਹਨ, ਉਹਨਾਂ ਦੀ ਜਲਦ ਤੋਂ ਜਲਦ ਗਾਰ ਕਢਵਾਈ ਜਾਵੇ। ਉਹਨਾਂ ਦੇ ਵਾਰਡ ਵਿੱਚ ਗੈਸ ਪਾਈਪ ਪਾਉਣ ਨਾਲ ਜੋ ਖੱਡੇ ਬਣ ਗਏ ਹਨ, ਉਹਨਾਂ ਨੂੰ ਜਲਦ ਤੋਂ ਜਲਦ ਭਰਿਆ ਜਾਵੇ, ਤਾਂ ਜੋ ਕੋਈ ਐਕਸੀਡੈਂਟ ਨਾ ਹੋਵੇ। ਜੋਗੀ ਨਗਰ ਅਤੇ ਗੋਪਾਲ ਨਗਰ ਵਿਖੇ ਪਾਣੀ ਦਾ ਪ੍ਰੈਸ਼ਰ ਘੱਟ ਹੈ, ਉਹ ਠੀਕ ਕੀਤਾ ਜਾਵੇ। ਗਲੀਆਂ ਵਿੱਚ ਰੁੱਕਿਆ ਹੋਇਆ ਟਾਇਲਾਂ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਜਲਦ ਤੋਂ ਜਲਦ ਬਣਦੀ ਕਾਰਵਾਈ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ।

ਸ਼੍ਰੀ ਸੁਖਦੇਵ ਸਿੰਘ, ਕੌਂਸਲਰ ਵਾਰਡ ਨੰਬਰ 4 ਨੇ ਦਸਿਆ ਕਿ ਵਾਰਡ ਨੰਬਰ 3, 4 ਅਤੇ 5 ਵਿੱਚ ਖਾਲੀ ਥਾਂਵਾਂ ਤੇ ਅਤੇ ਜੋਗਰ ਪਾਰਕ ਪਾਸ ਨਹਿਰ ਦੇ ਕੋਲ ਕੂੜ੍ਹਾ ਸੁੱਟਿਆ ਜਾ ਰਿਹਾ ਹੈ। ਉਹਨਾਂ ਜਲਦ ਤੋਂ ਜਲਦ ਸਫਾਈ ਕਰਾਉਣ ਦੀ ਮੰਗ ਕੀਤੀ। ਉਹਨਾਂ ਕਿਹਾ ਕਿ ਸ਼ਕਤੀ ਵਿਹਾਰ ਅਤੇ ਟੀਚਰ ਕਲੋਨੀ ਵਿੱਚ ਨਗਰ ਨਿਗਮ ਵੱਲੋਂ ਪੀਣ ਵਾਲੇ ਪਾਣੀ ਦੀ ਪਾਈਪ ਪਾਈ ਗਈ ਹੈ। ਉਹਨਾਂ ਜਲਦ ਤੋਂ ਜਲਦ ਕੁਨੈਕਸ਼ਨ ਜੋੜ੍ਹਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਸੁਪਰਡੈਂਟ (ਸਿਹਤ) ਨੂੰ ਜਲਦ ਤੋਂ ਜਲਦ ਸਫਾਈ ਕਰਵਾਉਣ ਦੀ ਹਦਾਇਤ ਕੀਤੀ ਅਤੇ ਕੁਨੈਕਸ਼ਨ ਜੋੜ੍ਹਨ ਸਬੰਧੀ ਕਾਰਵਾਈ ਕਰਨ ਲਈ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਨੂੰ ਹਦਾਇਤ ਕੀਤੀ ਗਈ।

ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 8 ਨੇ ਪੁੱਛਿਆ ਕਿ ਨਗਰ ਨਿਗਮ ਵੱਲੋਂ ਬੀਬੀ ਵਾਲਾ ਰੋਡ ਤੇ ਫਾਇਲ ਨੰਬਰ 80641, 79050 ਅਤੇ 80038 ਰਾਹੀਂ ਤਿੰਨ ਦੁਕਾਨਾਂ ਦੇ ਨਕਸ਼ੇ ਪਾਸ ਕੀਤੇ ਗਏ ਹਨ, ਕੀ ਇਹ ਪਾਸ ਹੋ ਸਕਦੇ ਹਨ? ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਫਾਇਲਾਂ ਚੈਕ ਕਰਨ ਉਪਰੰਤ ਰਿਪੋਰਟ ਕੀਤੀ ਜਾਵੇਗੀ।ਸ਼੍ਰੀ ਹਰਪਾਲ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 8 ਨੇ ਦਸਿਆ ਕਿ ਨਗਰ ਨਿਗਮ ਵੱਲੋਂ ਉਹਨਾਂ ਦੇ ਵਾਰਡ ਵਿੱਚ 2500 ਰੋਡ ਜਾਲੀਆਂ ਸਾਫ ਕੀਤੀਆਂ ਗਈਆਂ ਹਨ, ਪਰੰਤੂ ਇਸ ਸਬੰਧੀ ਉਹਨਾਂ ਨੂੰ ਜਾਣੂ ਨਹੀਂ ਕਰਵਾਇਆ ਗਿਆ। ਇਸਤੋਂ ਇਲਾਵਾ ਉਹਨਾਂ ਦੇ ਵਾਰਡ ਦੇ ਗੁਰੂ ਤੇਗ ਬਹਾਦੁਰ ਨਗਰ, ਜੁਝਾਰ ਸਿੰਘ ਨਗਰ ਅਤੇ ਪਰਿੰਦਾ ਰੋਡ ਤੇ ਬਹੁਤ ਸਾਰੀਆਂ ਰੋਡ ਜਾਲੀਆਂ ਸਾਫ ਹੋਣ ਤੋਂ ਰਹਿੰਦੀਆਂ ਹਨ। ਉਹਨਾਂ ਜਲਦ ਤੋਂ ਜਲਦ ਰਹਿੰਦੀਆਂ ਰੋਡ ਜਾਲੀਆਂ ਸਾਫ ਕਰਵਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਕਿਹਾ ਕਿ ਸਿਰਕੀ ਬਾਜਾਰ ਅਤੇ ਧੋਬੀ ਬਾਜਾਰ ਵਿੱਚੋਂ ਬਰਸਾਤੀ ਪਾਣੀ ਦੀ ਨਿਕਾਸੀ ਲਈ ਲੋੜੀਂਦੇ ਇੰਤਜ਼ਾਮ ਕੀਤੇ ਜਾਣ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ

ਦਸਿਆ ਕਿ ਮੋਟਰਾਂ ਦੀ ਸਮੱਰਥਾ 50 ਐਚ.ਪੀ. ਤੋਂ ਡਬਲ ਕਰ ਦਿੱਤੀ ਗਈ ਹੈ। ਬਰਮ ਇੱਕ ਤੋਂ ਦੋ ਕਰ ਦਿੱਤੇ ਗਏ ਹਨ। ਸੰਜੇ ਨਗਰ ਟੋਭਾ 2-1/2 ਕਿਲੇ ਤੋਂ 7 ਕਿਲੇ ਡੂੰਘਾ ਕਰ ਲਿਆ ਗਿਆ ਹੈ। ਇਸ ਨਾਲ ਜੋ ਪਾਣੀ 1-2 ਦਿਨ ਖੜ੍ਹਾ ਰਹਿੰਦਾ ਸੀ, ਉਸਦੀ ਹੁਣ 1-2 ਘੰਟਿਆਂ ਅੰਦਰ ਹੀ ਨਿਕਾਸੀ ਹੋਣ ਲੱਗ ਪਈ ਹੈ। ਇਸਤੋਂ ਲਾਈਨ ਵਿੱਚ ਲਿਫਾਫੇ ਹੋਣ ਕਾਰਨ ਇਹਨਾਂ ਦੀ ਸਫਾਈ ਕਰਵਾ ਦਿੱਤੀ ਗਈ ਹੈ। ਆਲਮ ਬਸਤੀ ਡਿਸਪੋਜ਼ਲ ਤੇ 75 ਤੋਂ 120 ਐਚ.ਪੀ. ਦੀ ਪੰਪਿੰਗ ਕੈਪਸਟੀ ਕਰ ਦਿੱਤੀ ਹੈ।

ਸ਼੍ਰੀ ਬਲਜੀਤ ਸਿੰਘ ਸਰਾਂ, ਕੌਂਸਲਰ ਵਾਰਡ ਨੰਬਰ 10 ਨੇ ਮੰਗ ਕੀਤੀ ਕਿ ਧੋਬੀਆਣਾ ਰੋਡ ਤੇ 50 ਫੁੱਟ ਦਾ ਟੋਟਾ ਪਾ ਕੇ 100 ਫੁੱਟੀ ਰੋਡ ਨਾਲ ਜੋੜਿਆ ਜਾਵੇ ਤਾਂ ਜੋ ਬਰਸਾਤਾਂ ਦੌਰਾਨ ਜਲਦ ਤੋਂ ਜਲਦ ਪਾਣੀ ਦੀ ਨਿਕਾਸੀ ਹੋ ਸਕੇ। ਉਹਨਾਂ ਇਹ ਵੀ ਮੰਗ ਕੀਤੀ ਕਿ ਨਗਰ ਨਿਗਮ ਵੱਲੋਂ ਪੰਜ ਸਾਲਾਂ ਲਈ ਸਾਰੇ ਕੌਂਸਲਰਜ਼ ਦਾ ਗਰੁੱਪ ਬੀਮਾ ਕਰਵਾਇਆ ਜਾਵੇ ਅਤੇ ਬਣਦੀ ਕਿਸ਼ਤ ਦੀ ਕਟੌਤੀ ਉਹਨਾਂ ਨੂੰ ਦਿੱਤੇ ਜਾਣ ਵਾਲੇ ਮਾਨਭੱਤੇ ਵਿੱਚੋਂ ਕੱਟ ਲਈ ਜਾਵੇ। ਇਸਤੇ ਮੇਅਰ ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਇਸ ਸਬੰਧੀ ਅਗਲੀ ਮੀਟਿੰਗ ਵਿੱਚ ਵਿਚਾਰ ਲਿਆ ਜਾਵੇਗਾ।

ਸ਼੍ਰੀ ਅਸ਼ੇਸ਼ਰ ਪਾਸਵਾਨ, ਕੌਂਸਲਰ ਵਾਰਡ ਨੰਬਰ 12 ਨੇ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪਿਛਲੇ ਚਾਰ ਮਹੀਨਿਆਂ ਤੋਂ 200 ਵਿੱਚੋਂ ਸਿਰਫ 10 ਸਟਰੀਟ ਲਾਈਟਾਂ ਹੀ ਚੱਲ ਰਹੀਆਂ ਹਨ। ਉਹਨਾਂ ਜਲਦ ਤੋਂ ਸਟਰੀਟ ਲਾਈਟ ਠੀਕ ਕਰਨ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਆਬਾਦੀ ਜਿਆਦਾ ਹੈ। ਇਸ ਲਈ ਵਾਟਰ ਵਰਕਸ ਤੋਂ ਪੀਣ ਵਾਲੇ ਪਾਣੀ ਦੀ ਪਾਈਪ ਉਹਨਾਂ ਦੇ ਵਾਰਡ ਵਿੱਚ ਪਾਈ ਜਾਵੇ। PMAY ਯੋਜਨਾ ਤਹਿਤ ਗਰੀਬ ਲੋਕਾਂ ਨੂੰ ਘਰ ਬਨਾਉਣ ਲਈ ਜਲਦ ਤੋਂ ਜਲਦ ਗਰਾਂਟ ਦਿੱਤੀ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਨਿਗਮ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੂੰ ਜਲਦ ਤੋਂ ਜਲਦ ਸਟਰੀਟ ਲਾਈਟ ਠੀਕ ਕਰਵਾਉਣ ਦੀ ਹਦਾਇਤ ਕੀਤੀ।PMAY ਯੋਜਨਾ ਤਹਿਤ ਜੋ ਲੋਕ eligible ਹਨ, ਉਨ੍ਹਾਂ ਨੂੰ ਤੁਰੰਤ ਬਣਦੀ ਰਕਮ ਰਲੀਜ਼ ਕਰ ਦਿੱਤੀ ਜਾਵੇਗੀ।

ਸ਼੍ਰੀ ਵਿਵੇਕ ਗਰਗ, ਕੌਂਸਲਰ ਵਾਰਡ ਨੰਬਰ 14 ਨੇ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਟੀ.ਵੀ. ਟਾਵਰ ਪਾਸ ਪੁੱਲ ਦੇ ਥੱਲੇ ਵਾਟਰ ਸਪਲਾਈ ਦੀ ਪਾਈਪ ਲਾਈਨ ਪਾਉਣ ਉਪਰੰਤ ਜੋ ਮਲਬਾ ਪਿਆ ਹੈ, ਉਹ ਜਲਦ ਤੋਂ ਜਲਦ ਚੁਕਵਾਇਆ ਜਾਵੇ। ਮਾਡਲ ਟਾਊਨ ਫੇਸ-1 ਵਿੱਚ ਕਾਲੀ ਮਾਤਾ ਮੰਦਿਰ ਪਾਸ ਖੱਡਾ ਭਰਿਆ ਜਾਵੇ। ਟੈਂਡਰ ਹੋਣ ਉਪਰੰਤ ਟਾਇਲਾਂ ਲਗਾਉਣ ਦਾ ਕੰਮ ਜਲਦ ਤੋਂ ਜਲਦ ਕੀਤਾ ਜਾਵੇ। ਇੰਡਸਟਰੀਅਲ ਏਰੀਆ ਵਿੱਚ ਪੁੱਲ ਦੇ ਥੱਲੇ ਪੀ.ਸੀ. ਦਾ ਕੰਮ ਜਲਦ ਤੋਂ ਜਲਦ ਕਰਵਾਇਆ ਜਾਵੇ। ਮਾਡਲ ਟਾਊਨ ਵਿੱਚ ਰਹਿੰਦੀਆਂ ਸੜ੍ਹਕਾਂ ਦਾ ਕੰਮ ਜਲਦ ਤੋਂ ਜਲਦ ਪੂਰਾ ਕੀਤਾ ਜਾਵੇ। ਉਹਨਾਂ ਇਹ ਵੀ ਮੰਗ ਕੀਤੀ ਕਿ MIG ਵਿੱਚ ਸੀਵਰ ਪਾਉਣ ਸਬੰਧੀ ਪਬਲਿਕ ਹੈਲਥ ਵਿਭਾਗ ਨੂੰ ਨਗਰ ਨਿਗਮ ਵੱਲੋਂ ਜਲਦ ਤੋਂ ਜਲਦ ਮੰਨਜ਼ੂਰੀ ਦਿੱਤੀ ਜਾਵੇ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਅਧਿਕਾਰੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਬਲਰਾਜ ਸਿੰਘ, ਕੌਂਸਲਰ ਵਾਰਡ ਨੰਬਰ 16 ਨੇ ਦਸਿਆ ਕਿ ਮਾਨਸਾ ਰੋਡ ਤੇ ਬਣੇ ਅੰਡਰਬਰਿਜ ਵਿੱਚ ਦਿਨ ਰਾਤ 12 ਲਾਈਟਾਂ ਚਲਦੀਆਂ ਰਹਿੰਦੀਆਂ ਹਨ। ਉਹਨਾਂ ਮੰਗ ਕੀਤੀ ਕਿ ਦਿਨ ਦੇ ਸਮੇਂ ਸਿਰਫ 6 ਲਾਈਟਾਂ ਹੀ ਚਲਦੀਆਂ ਰਹਿਣ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਨਗਰ ਸੁਧਾਰ ਟਰੱਸਟ ਵੱਲੋਂ ਲਗਾਈਆਂ ਲਾਈਟਾਂ ਨਗਰ ਨਿਗਮ ਵੱਲੋਂ ਟੇਕ ਓਵਰ ਕੀਤੀਆਂ ਜਾਣ। ਨਗਰ ਸੁਧਾਰ ਟਰੱਸਟ ਦੀ ਸਿਲਵਰ ਸਿਟੀ ਕਲੋਨੀ ਵਿੱਚ ਸੜ੍ਹਕਾਂ ਤੇ ਪਏ ਖੱਡੇ ਭਰਨ ਲਈ ਨਗਰ ਨਿਗਮ ਵੱਲੋਂ 2-3 ਟਰਾਲੀਆਂ ਪੀ.ਸੀ. ਪਵਾਈ ਜਾਵੇ। ਉਹਨਾਂ ਦੇ ਵਾਰਡ ਦੇ ਵੱਡੇ ਪਾਰਕ ਵਿੱਚ ਨਗਰ ਨਿਗਮ ਵੱਲੋਂ ਪੈਸੇ ਤਾਂ ਬਹੁਤ ਲਗਾਏ ਗਏ ਹਨ, ਪਰੰਤੂ ਰੰਗ ਰੋਗਣ ਨਾ ਹੋਣ ਕਾਰਨ ਇਹ ਦਿਸਦੇ ਨਹੀਂ ਅਤੇ ਨਾ ਹੀ ਪਾਰਕਾਂ ਦੀ ਮੈਨਟੀਨੈਂਸ ਹੋ ਰਹੀ ਹੈ। ਉਹਨਾਂ ਦਸਿਆ ਕਿ ਇਸ ਪਾਰਕ ਵਿੱਚ ਗੰਦਗੇ ਦੇ ਢੇਰ ਲੱਗੇ ਹੋਏ ਹਨ। ਉਹਨਾਂ ਮੰਗ ਕੀਤੀ ਕਿ ਇਸ ਪਾਰਕ ਵਿੱਚੋਂ ਗੇਟ ਕੱਢ ਕੇ ਪਾਰਕਿੰਗ ਬਣਾ ਦਿੱਤੀ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਪੁੱਲ ਦੇ ਥੱਲੇ ਲਾਈਟਾਂ ਸਬੰਧੀ ਰੇਲਵੇ ਵਿਭਾਗ ਨਾਲ ਤਾਲਮੇਲ ਕਰਕੇ ਬਣਦੀ ਕਾਰਵਾਈ ਕੀਤੀ ਜਾਵੇਗੀ। ਉਹਨਾਂ ਨਿਗਰਾਨ ਇੰਜੀਨੀਅਰ, ਨਗਰ ਨਿਗਮ ਬਠਿੰਡਾ ਨੂੰ ਹਦਾਇਤ ਕੀਤੀ ਕਿ AMRUT ਸਕੀਮ ਅਧੀਨ ਡਿਵੈਲਪ ਕੀਤੇ ਪਾਰਕ ਨੂੰ ਚੈਕ ਕੀਤਾ ਜਾਵੇ ਅਤੇ ਬਣਦੀ ਕਾਰਵਾਈ ਕੀਤੀ ਜਾਵੇ।ਸ਼੍ਰੀ ਬਲਰਾਜ ਸਿੰਘ, ਕੌਂਸਲਰ ਵਾਰਡ ਨੰਬਰ 16 ਨੇ ਇਹ ਵੀ ਦਸਿਆ ਕਿ ਹਰਬੰਸ ਨਗਰ ਵਿਖੇ ਪਾਈਪਾਂ ਪਾਉਣ ਸਮੇਂ ਮੇਨ ਗੇਟ ਤੋੜ੍ਹ ਦਿੱਤਾ ਗਿਆ ਹੈ।ਉਹਨਾ ਜਲਦ ਤੋਂ ਜਲਦ ਇਹ ਗੇਟ ਦੁਬਾਰਾ ਲਗਾਉਣ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਨੂੰ 2-3 ਦਿਨਾਂ ਅੰਦਰ ਚੈਕ ਕਰਕੇ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।ਸ਼੍ਰੀ ਬਲਰਾਜ ਸਿੰਘ, ਕੌਂਸਲਰ ਵਾਰਡ ਨੰਬਰ 16 ਨੇ ਦਸਿਆ ਕਿ ਤ੍ਰਿਵੇਣੀ ਕੰਪਨੀ ਦੇ ਮੁਲਾਜ਼ਮਾਂ ਨੂੰ ਪਿਛਲੇ ਤਿੰਨ ਮਹੀਨਿਆਂ ਤੋਂ ਤਨਖਾਹ ਦੀ ਅਦਾਇਗੀ ਨਹੀਂ ਕੀਤੀ ਗਈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਾਰਜਕਾਰੀ ਇੰਜੀਨੀਅਰ, ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ ਬਠਿੰਡਾ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਚੈਕ ਕੀਤਾ ਜਾਵੇ ਅਤੇ ਜੇਕਰ ਤਨਖਾਹ ਨਹੀਂ ਦਿੱਤੀ ਗਈ ਤਾਂ ਬਣਦੀ ਕਾਰਵਾਈ ਕੀਤੀ ਜਾਵੇ।ਸ਼੍ਰੀ ਬਲਰਾਜ ਸਿੰਘ, ਕੌਂਸਲਰ ਵਾਰਡ ਨੰਬਰ 16 ਨੇ ਦਸਿਆ ਕਿ ਮਾਨਸਾ ਰੋਡ ਤੇ ਜੱਸੀ ਪੌ ਵਾਲੀ ਚੌਂਕ ਵਿਖੇ ਬਠਿੰਡਾ ਸ਼ਹਿਰ ਅੰਦਰ ਆਉਣ ਸਮੇਂ ਐਂਟਰੀ ਦਾ ਬਹੁਤ ਹੀ ਮਾੜਾ ਹਾਲ ਹੈ। ਇਸ ਨਾਲ ਨਿਗਮ ਦੇ ਅਕਸ ਤੇ ਮਾੜਾ ਅਸਰ ਪੈਂਦਾ ਹੈ। ਉਹਨਾਂ ਮੰਗ ਕੀਤੀ ਕਿ ਇਸ ਚੌਂਕ ਨੂੰ ਖੂਬਸੂਰਤ ਬਣਾਇਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਇਸ ਸਬੰਧੀ ਤਖਮੀਨਾ ਤਿਆਰ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜੇਕਰ ਮੰਨਜ਼ੂਰੀ ਦੀ ਲੋੜ੍ਹ ਹੋਈ ਤਾਂ ਸਰਕਾਰ ਵੱਲੋਂ ਮੰਨਜ਼ੂਰੀ ਪ੍ਰਾਪਤ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਸ਼੍ਰੀ ਵਿਕਰਮ ਕ੍ਰਾਂਤੀ, ਕੌਂਸਲਰ ਵਾਰਡ ਨੰਬਰ 18 ਨੇ ਦਸਿਆ ਕਿ ਬਲਰਾਜ ਨਗਰ ਦੀਆਂ ਗਲੀਆਂ ਨੰਬਰ 4-5 ਵਿੱਚ ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਸਮੱਸਿਆ ਆ ਰਹੀ ਹੈ। ਗਣਪਤੀ ਕਲੋਨੀ ਦੇ ਸਾਹਮਣੇ ਸੀਵਰੇਜ਼ ਦਾ ਕੰਮ ਰੁੱਕਿਆ ਹੋਇਆ ਹੈ, ਉਹ ਚਾਲੂ ਕਰਵਾਇਆ ਜਾਵੇ। ਉਹਨਾਂ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਬੇਸਹਾਰਾ ਪਸ਼ੂ ਬਹੁਤ ਜਿਆਦਾ ਹੋਣ ਕਾਰਨ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਇਹ ਵੀ ਦਸਿਆ ਕਿ ਤ੍ਰਿਵੇਣੀ ਕੰਪਨੀ ਦੇ ਸੁਪਰਵਾਇਜ਼ਰ ਵੱਲੋਂ ਬਲਰਾਜ ਨਗਰ ਗਲੀ ਨੰਬਰ 2 ਵਿੱਚ ਸੀਵਰ ਸਾਫ ਨਹੀਂ

ਕਰਵਾਇਆ ਜਾ ਰਿਹਾ। ਇਸਤੇ ਮੇਅਰ, ਨਗਰ ਨਿਗਮ ਬਠਿੰਡਾ ਨੇ ਸਬੰਧਤ ਅਧਿਕਾਰੀਆਂ ਨੂੰ ਬਣਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ।

ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਦਸਿਆ ਕਿ ਸੰਜੇ ਨਗਰ ਮੇਨ ਰੋਡ ਤੇ ਓਵਰ ਬਰਿਜ ਬਣਨ ਕਾਰਨ ਸਟਰੀਟ ਲਾਈਟ ਪੁੱਟ ਦਿੱਤੀ ਗਈ ਹੈ। ਉਹਨਾਂ ਜਲਦ ਤੋਂ ਜਲਦ ਸਟਰੀਟ ਲਾਈਟ ਚਾਲੂ ਕਰਵਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਦਸਿਆ ਕਿ ਆਵਾ ਬਸਤੀ ਵਿੱਚ ਪੀਣ ਵਾਲੇ ਪਾਣੀ ਦੀ ਪਾਈਪ ਬਾਹਰ ਬਾਹਰ ਪਾਈ ਗਈ ਹੈ। ਇਸ ਨਾਲ ਅੰਦਰ ਦੀਆਂ ਗਲੀਆਂ ਵਿੱਚ ਪੀਣ ਵਾਲੇ ਪਾਣੀ ਦੀ ਦਿੱਕਤ ਆ ਰਹੀ ਹੈ। ਉਹਨਾਂ ਕਿਹਾ ਕਿ ਇਸ ਏਰੀਏ ਵਿੱਚ ਓਵਰਬਰਿਜ ਬਣਨ ਕਾਰਨ ਪਟਿਆਲਾ ਫਾਟਕ ਪਾਸ ਬਣੇ ਡਾ: ਬੀ.ਆਰ.ਅੰਬੇਦਕਰ ਚੌਂਕ ਦੀ ਹਾਲਤ ਬਹੁਤ ਜਿਆਦਾ ਖਸਤਾ ਹੈ। ਜੇਕਰ ਇਹ ਚੌਂਕ ਪੁੱਲ ਦੇ ਥੱਲੇ ਆ ਜਾਂਦਾ ਹੈ ਤਾਂ ਪੁੱਲ ਦਾ ਨਾਮ ਡਾ: ਬੀ.ਆਰ. ਅੰਬੇਦਕਰ ਜੀ ਦੇ ਨਾਮ ਤੇ ਰੱਖਿਆ ਜਾਵੇ। ਪਿਛਲੀ ਮੀਟਿੰਗ ਦੌਰਾਨ ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵੱਲੋਂ ਪੁੱਛੇ ਗਏ ਸਵਾਲਾਂ ਦੇ ਸਬੰਧ ਵਿੱਚ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਨਗਰ ਨਿਗਮ ਵੱਲੋਂ 100 ਸਫਾਈ ਸੇਵਕਾਂ ਦੀ ਭਰਤੀ ਕਰ ਲਈ ਗਈ ਹੈ। ਘਰ-ਘਰ ਤੋਂ ਕੂੜਾ ਚੁੱਕਣ ਲਈ ਹੋਰ ਨਵੇਂ ਟਿੱਪਰ ਖਰੀਦੇ ਜਾ ਰਹੇ ਹਨ। ਉਹਨਾਂ ਇਹ ਵੀ ਦਸਿਆ ਕਿ ਐਮ.ਪੀ. ਫੰਡ ਵਿੱਚੋਂ ਜੋ ਕੰਮ ਨਗਰ ਨਿਗਮ ਵੱਲੋਂ ਪਾਸ ਨਹੀਂ ਸਨ ਕੀਤੇ ਗਏ, ਉਹ ਠੇਕੇਦਾਰ ਵੱਲੋਂ ਆਪਣੀ ਮਰਜ਼ੀ ਨਾਲ ਕੀਤੇ ਜਾ ਰਹੇ ਸਨ, ਜਿੰਨ੍ਹਾਂ ਨੂੰ ਨਗਰ ਨਿਗਮ ਵੱਲੋਂ ਕੈਂਸਲ ਕੀਤਾ ਗਿਆ ਹੈ। ਓਪਨ ਏਅਰ ਜਿੰਮ ਸਬੰਧੀ ਟੈਂਡਰ ਲਗਾਏ ਜਾ ਚੁੱਕੇ ਹਨ। ਜਿਸ ਥਾਂ ਵੀ ਲੋੜ੍ਹ ਹੋਵੇਗੀ, ਓਪਨ ਏਅਰ ਜਿੰਮ ਲਗਾ ਦਿੱਤੇ ਜਾਣਗੇ।ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਸੰਜੇ ਨਗਰ ਟੋਭੇ ਵਿੱਚ ਮੋਟਰ ਦਾ ਪ੍ਰਬੰਧ ਕਰਨ ਦੀ ਮੰਗ ਕੀਤੀ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਇਸ ਸਬੰਧੀ ਤਖਮੀਨਾ ਪਾਸ ਕੀਤਾ ਜਾ ਚੁੱਕਾ ਹੈ।ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਪੁੱਛਿਆ ਕਿ ਨਿਗਮ ਦੇ ਟੋਲ ਫਰੀ ਨੰਬਰ ਤੇ ਕੀਤੀਆਂ ਜਾਣ ਵਾਲੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਿੰਨੇ ਦਿਨਾਂ ਵਿੱਚ ਕਰ ਦਿੱਤਾ ਜਾਂਦਾ ਹੈ ਤਾਂ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਹਰ ਸ਼ਿਕਾਇਤ ਦਾ ਨਿਪਟਾਰਾ ਕਰਨ ਲਈ ਵੱਖ-ਵੱਖ ਸਮਾਂ ਹੁੰਦਾ ਹੈ। ਉਸੇ ਅਨੁਸਾਰ ਹੀ ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਜਾਂਦਾ ਹੈ।ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਦਸਿਆ ਕਿ ਆਰੇ ਵਾਲੀ ਗਲੀ ਵਿੱਚ ਸੀਵਰ ਦੇ ਢੱਕਣ ਤਕਰੀਬਨ 1 ਫੁੱਟ ਡੰਘੇ ਹੋਣ ਕਾਰਨ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾਂ ਸੰਜੇ ਨਗਰ ਦੀਆਂ ਰੋਡ ਜਾਲੀਆਂ ਵੀ ਸਾਫ ਕਰਵਾਉਣ ਦੀ ਮੰਗ ਕੀਤੀ। ਉਹਨਾਂ ਦਸਿਆ ਕਿ ਨਿਗਮ ਦੇ ਠੇਕੇਦਾਰਾਂ ਵੱਲੋਂ ਮੁਲਾਜ਼ਮਾਂ ਨੂੰ 6200/- ਰੁਪਏ ਪ੍ਰਤੀ ਮਹੀਨਾ ਹੀ ਤਨਖਾਹ ਦਿੱਤੀ ਜਾ ਰਹੀ ਹੈ। ਇਸ ਨਾਲ ਉਹਨਾਂ ਦੇ ਘਰ ਦਾ ਗੁਜ਼ਾਰਾ ਬੜੀ ਮੁਸ਼ਕਿਲ ਨਾਲ ਹੁੰਦਾ ਹੈ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਦਸਿਆ ਕਿ ਕਿਸੇ ਵੀ ਮੁਲਾਜ਼ਮ ਨੂੰ ਡੀ.ਸੀ. ਰੇਟਾਂ ਤੋਂ ਘੱਟ ਤਨਖਾਹ ਨਹੀਂ ਦਿੱਤੀ ਜਾ ਰਹੀ। ਨਗਰ ਨਿਗਮ ਵੱਲੋਂ ਠੇਕਾ ਏਜੰਸੀ ਨੂੰ ਦਿੱਤਾ ਹੋਇਆ ਹੈ। ਏਜੰਸੀ ਹੀ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਦਿੰਦੀ ਹੈ। ਇਸਤੋਂ ਇਲਾਵਾ ਹਰ ਟਾਇਲਟ ਤੇ 5/- ਰੁਪਏ ਅਤੇ 2/- ਰਪਏ ਦਾ ਰੇਟ ਫਿਕਸ ਕੀਤਾ ਹੋਇਆ ਹੈ, ਜਿਸਦੀ ਸਾਰੀ ਆਮਦਨ ਸਬੰਧਤ ਮੁਲਾਜ਼ਮ ਵੱਲੋਂ ਰੱਖ ਲਈ ਜਾਂਦੀ ਹੈ।ਸ਼੍ਰੀ ਸੁਰੇਸ਼ ਕੁਮਾਰ, ਕੌਂਸਲਰ ਵਾਰਡ ਨੰਬਰ 22 ਨੇ ਆਵਾ ਬਸਤੀ ਵਿੱਚ ਟਾਇਲਾਂ ਲਗਾਉਣ ਦੀ ਮੰਗ ਕੀਤੀ।

ਸ਼੍ਰੀ ਸੁਖਰਾਜ ਸਿੰਘ, ਕੌਂਸਲਰ ਵਾਰਡ ਨੰਬਰ 42 ਨੇ ਦਸਿਆ ਕਿ ਨਗਰ ਨਿਗਮ ਵੱਲੋਂ ਮੁਲਤਾਨੀਆ ਰੋਡ ਤੇ ਬੀੜ ਰੋਡ ਤੇ ਸੀਵਰੇਜ਼ ਦੀਆਂ ਪਾਈਪਾਂ ਪਾਈਆਂ ਗਈਆਂ ਹਨ। ਉਹਨਾਂ ਮੁਲਤਾਨੀਆਂ ਰੋਡ ਤੇ ਪਾਈਆਂ ਪਾਈਪਾਂ ਨੂੰ ਮੇਨ ਰੋਡ ਤੱਕ ਅਤੇ ਬੀੜ ਰੋਡ ਤੇ ਪਾਈਆਂ ਪਾਈਪਾਂ ਨੂੰ ਤਕਰੀਬਨ 1 ਕਿਲੋਮੀਟਰ ਹੋਰ ਅੱਗੇ ਵਧਾਉਣ ਦੀ ਮੰਗ ਕੀਤੀ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਡੀ-ਸਿਲਟਿੰਗ ਕਰਾਈ ਜਾਵੇ। ਮੇਨ ਰੋਡ ਤੇ ਬਰਮਾਂ ਦਾ ਕੰਮ ਸ਼ੁਰੂ ਕੀਤਾ ਜਾਵੇ। ਉਹਨਾਂ ਇਹ ਵੀ ਦਸਿਆ ਕਿ ਉਹਨਾਂ ਦੇ ਵਾਰਡ ਵਿੱਚ ਪੀਣ ਵਾਲੇ ਪਾਣੀ ਦੀ ਸਮੱਸਿਆ ਵੀ ਆ ਰਹੀ ਹੈ ਅਤੇ ਸਫਾਈ ਸੇਵਕਾਂ ਵੱਲੋਂ ਸਫਾਈ ਨਹੀਂ ਕੀਤੀ ਜਾ ਰਹੀ। ਉਹਨਾਂ ਇਹ ਵੀ ਮੰਗ ਕੀਤੀ ਕਿ ਉਹਨਾਂ ਦੇ ਵਾਰਡ ਵਿੱਚ ਰਹਿੰਦੀਆਂ ਸਟਰੀਟ ਲਾਈਟਾਂ ਲਗਾਈਆਂ ਜਾਣ। ਉਹਨਾਂ ਦਸਿਆ ਕਿ ਮੁਲਤਾਨੀਆ ਰੋਡ ਤੇ ਓਵਰਬਰਿਜ ਤੇ ਚੂਹਿਆਂ ਵੱਲੋਂ ਮਿੱਟੀ ਪੁੱਟੀ ਜਾ ਰਹੀ ਹੈ। ਉਹਨਾਂ ਮੰਗ ਕੀਤੀ ਕਿ ਇਸ ਪੁੱਲ ਤੇ ਲੋਕਾਂ ਨੂੰ ਚੋਗਾ ਪਾਉਣ ਤੋਂ ਰੋਕਿਆ ਜਾਵੇ। ਇਸਤੇ ਕਮਿਸ਼ਨਰ, ਨਗਰ ਨਿਗਮ ਬਠਿੰਡਾ ਨੇ ਕਿਹਾ ਕਿ ਵਾਰਡ ਨੰਬਰ 1 ਤੋਂ 28 ਤੱਕ ਲਾਈਟਾਂ ਚੈਕ ਕਰ ਲਈਆਂ ਗਈਆਂ ਹਨ। ਜਿੱਥੇ ਵੀ ਲੋੜ੍ਹ ਹੋਵੇਗੀ, ਲਾਈਟਾਂ ਲਗਾ ਦਿੱਤੀਆਂ ਜਾਣਗੀਆਂ। ਉਹਨਾਂ ਇਹ ਵੀ ਦਸਿਆ ਕਿ ਪੁੱਲ ਤੇ ਚੋਗਾ ਨਾ ਪਾਉਣ ਸੰਧੀ ਬੋਰਡ ਲਗਾ ਦਿੱਤੇ ਗਏ ਹਨ। ਇਸਤੋਂ ਇਲਾਵਾ ਚੋਗਾ ਪਾਉਣ ਲਈ ਲਗਾਏ ਗਏ ਸ਼ਿਕੰਜੇ ਵੀ ਪੁੱਟ ਲਏ ਗਏ ਹਨ।

ਸ਼੍ਰੀ ਮਲਕੀਤ ਸਿੰਘ, ਕੌਂਸਲਰ ਵਾਰਡ ਨੰਬਰ 50 ਨੇ ਮੰਗ ਕੀਤੀ ਕਿ ਨਗਰ ਨਿਗਮ ਦੀ ਅਗਲੀ ਮੀਟਿੰਘ ਤੋਂ ਪਹਿਲਾਂ ਡਾਇਰੀ ਛਪਾਈ ਜਾਵੇ, ਜਿਸ ਵਿੱਚ ਕੌਂਸਲਰਜ਼ ਦੇ ਫੋਨ ਨੰਬਰਾਂ ਤੋਂ ਇਲਾਵਾ ਅਧਿਕਾਰੀਆਂ/ ਕਰਮਚਾਰੀਆਂ ਦੇ ਨੰਬਰ ਦਰਜ਼ ਹੋਣ ਤਾਂ ਜੋ ਲੋੜ੍ਹ ਪੈਣ ਤੇ ਕੰਮ ਕਹੇ ਜਾ ਸਕਣ।

ਇਸ ਉਪਰੰਤ ਮੇਅਰ ਨਗਰ ਨਿਗਮ ਬਠਿੰਡਾ ਜੀ ਵੱਲੋਂ ਸਮੂਹ ਹਾਜ਼ਰ ਕੌਂਸਲਰਜ਼ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਮੀਟਿੰਗ ਖਤਮ ਕੀਤੀ ਗਈ।

ਸਹੀ/-
**ਮੇਅਰ**
**ਨਗਰ ਨਿਗਮ,ਬਠਿੰਡਾ।**

ਪਿੱਠ ਅੰਕਣ ਨੰਬਰ: ਮਿਤੀ:

ਉਪਰੋਕਤ ਦਾ ਉਤਾਰਾ:

1. ਪੀ.ਏ. ਟੂ ਕਮਿਸ਼ਨਰ
2. ਨਿਗਰਾਨ ਇੰਜੀਨੀਅਰ
3. ਸਮੂਹ ਨਿਗਮ ਇੰਜੀਨੀਅਰ
4. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ)
5. ਡਿਪਟੀ ਕੰਟਰੋਲਰ (ਲੋਕਲ ਆਡਿਟ)
6. ਲੇਖਾਕਾਰ
7. ਸਮੂਹ ਸਬੰਧਤ ਸ਼ਾਖਾ ਮੁੱਖੀ

ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

**ਸਕੱਤਰ**
**ਨਗਰ ਨਿਗਮ, ਬਠਿੰਡਾ।**